ਸੁਖਵਿੰਦਰ

ਭਾਰਤ ਵਿੱਚ ਗਿਆਨ ਪ੍ਰਸਾਰ ਦੀ ਲੋੜ ਕਿਉਂ?

ਭਾਰਤ ਵਿੱਚ ਗਿਆਨ ਪ੍ਰਸਾਰ ਦੀ ਲੋੜ ਕਿਉਂ ?

(18 ਨਵੰਬਰ 2012 ਨੂੰ 'ਗਿਆਨ ਪ੍ਰਸਾਰ ਸਮਾਜ' ਵੱਲੋਂ ਪਿੰਡ ਪੱਖੋਵਾਲ਼ (ਲੁਧਿਆਣਾ) ਵਿਖੇ ਉਪਰੋਕਤ ਵਿਸ਼ੇ 'ਤੇ ਕਰਵਾਈ ਗਈ ਗੋਸ਼ਠੀ ਵਿੱਚ ਦਿੱਤੇ ਗਏ ਭਾਸ਼ਣ ਦਾ ਸੰਪਾਦਿਤ ਰੂਪ)

• ਸੁਖਵਿੰਦਰ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਹਿਲੀ ਵਾਰ — ਜੂਨ 2013

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਊਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ–226006

ਕੀਮਤ : 15 ਰੁਪਏ

ਸਾਥੀਓ ! ਹੁਣੇ ਹੁਣੇ ਮੈਂ ਇੱਕ ਕਿਤਾਬ ਪੜ੍ਹੀ। ਫਰਾਂਸ ਦਾ ਇੱਕ ਬਹੁਤ ਵੱਡਾ ਫਿਲਾਸਫ਼ਰ ਹੋਇਆ ਹੈ ਜੋ ਇੱਥੇ ਪੰਜਾਬ ਵਿੱਚ ਘੱਟ ਜਾਣਿਆ ਜਾਂਦਾ ਹੈ, ਉਹਦਾ ਨਾਂ ਹੈ ਅਲਥੂਸਰ। ਸੱਤਰਵਿਆਂ ਵਿੱਚ ਉਹਦਾ ਕਾਫ਼ੀ ਨਾਮ ਸੀ। ਉਹਨੇ ਜੋ ਲਿਖਿਆ ਉਸ 'ਤੇ ਕਾਫ਼ੀ ਬਹਿਸਾਂ ਵੀ ਚੱਲੀਆਂ। ਮੈਂ ਉਹਦੀ ਇੱਕ ਇੰਟਰਵਿਊ ਪੜ੍ਹੀ। ਉਹਦੇ ਵਿੱਚ ਜੋ ਲੜਕੀ ਉਸਦੀ ਇੰਟਰਵਿਊ ਲੈ ਰਹੀ ਹੈ ਉਹ ਪੁੱਛਦੀ ਹੈ ਕਿ ਤੁਸੀਂ ਆਪਣੇ ਸ਼ਬਦਾਂ ਦੀ ਸਖ਼ਤੀ 'ਤੇ ਜ਼ੋਰ ਕਿਉਂ ਦਿੰਦੇ ਹੋ। ਅੰਗ੍ਰੇਜ਼ੀ ਦਾ ਇੱਕ ਸ਼ਬਦ ਹੈ ਰਿਗਰ ਯਾਨੀ ਇੱਕ ਦਮ ਸਹੀ ਸਟੀਕ ਸ਼ਬਦ। ਅਲਥੂਸਰ ਨੇ ਇਸਦਾ ਜਵਾਬ ਦਿੱਤਾ। ਉਹ ਕਹਿੰਦਾ ਹੈ ਕਿ ਭਾਸ਼ਾ ਜੰਗ ਦਾ ਅਸਲਾਖਾਨਾ ਹੈ। ਮਤਲਬ ਕੋਈ ਵੀ ਜਮਾਤੀ ਲੜਾਈ ਭਾਸ਼ਾ ਰਾਹੀਂ ਲੜੀ ਜਾਂਦੀ ਹੈ। ਭਾਸ਼ਾ ਇੱਕ ਅਸਲਾਖਾਨਾ ਹੈ ਜਿੱਥੇ ਸ਼ਬਦ ਹਥਿਆਰ ਹੁੰਦੇ ਨੇ। ਇਸ ਲਈ ਕਿਸੇ ਵੀ ਚੀਜ਼ ਲਈ ਸਹੀ ਸਟੀਕ ਸ਼ਬਦ ਇਸਤੇਮਾਲ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ ਤੇ ਭਾਸ਼ਾ ਦਾ ਸਬੰਧ ਮਨੁੱਖ ਦੇ ਚਿੰਤਨ ਨਾਲ਼ ਹੈ। ਜਿਸਦਾ ਚਿੰਤਨ ਬਹੁਤ ਸਪੱਸ਼ਟ ਹੈ, ਜਿਸਦੀ ਸੋਚਣੀ ਬਹੁਤ ਸਪਸ਼ਟ ਹੁੰਦੀ ਹੈ। ਉਸਦੀ ਭਾਸ਼ਾ ਵੀ ਬਹੁਤ ਸਪਸ਼ਟ ਹੁੰਦੀ ਹੈ। ਪਰ ਆਪਣੇ ਇੱਥੇ ਜਦੋਂ ਲੋਕੀਂ ਬੋਲਦੇ ਨੇ ਤਾਂ ਅਕਸਰ ਐਂਈਂ ਵਈਂ ਬੋਲਦੇ ਨੇ। ਜਿਵੇਂ ਆਪਣੇ ਇੱਕ ਕਹਾਵਤ ਹੈ ਕਿ 'ਪਤਾ ਨੀ ਕਹਿੰਦੇ ਕਿਹੜਾ ਸਾਧ ਸਿਗਾ ਤੇ ਪਤਾ ਨੀ ਕਹਿੰਦੇ ਕਿਹੜਾ ਪਿੰਡ ਸੀ, ਪਤਾ ਨੀ ਕਿਹੜਾ ਰੁੱਖ ਸੀਗਾ ਤੇ ਪਤਾ ਨਹੀਂ ਸਾਧ ਨੇ ਕੀ ਕਿਹਾ ਤੇ ਸੰਗਤਾਂ ਵਾਹ-ਵਾਹ ਕਰ ਉੱਠੀਆਂ।' ਅਕਸਰ ਆਪਾਂ ਇਵੇਂ ਦੀਆਂ ਗੱਲਾਂ ਕਰਦੇ ਹਾਂ। ਇਹ ਸਾਡੇ ਸਮਾਜ ਦਾ ਪੱਛੜੇਵਾਂ ਹੈ। ਮੈਂ ਮੂਲ ਗੱਲ 'ਤੇ ਆਉਂਦਾ ਹਾਂ ਕਿ ਜੋ ਸ਼ਬਦ ਨੇ ਇਹ ਸਹੀ ਸਟੀਕ ਵਰਤਣੇ ਚਾਹੀਦੇ ਹਨ। ਜਿਵੇਂ ਯੂਰਪ ਵਿੱਚ ਰੱਖ-ਰਖਾਅ ਬਹੁਤ ਘੱਟ ਹੁੰਦਾ ਹੈ, ਬਹੁਤੀ ਰਸਮ ਅਦਾਇਗੀ ਨਹੀਂ ਹੁੰਦੀ। ਉਹ ਸਾਫ਼ ਕਹਿੰਦੇ ਨੇ ਕਿ ਤੂੰ ਇਸ ਵਿਸ਼ੇ 'ਤੇ ਕੁੱਝ ਨਹੀਂ ਜਾਣਦਾ ਤੂੰ ਮੂਰਖ਼ ਹੈਂ। ਹੁਣ ਕੋਈ ਵੀ ਬੰਦਾ ਪੂਰੀ ਤਰ੍ਹਾਂ ਮੂਰਖ ਨਹੀਂ ਹੁੰਦਾ। ਕਿਸੇ ਖਾਸ ਸੰਦਰਭ ਵਿੱਚ ਹਰ ਬੰਦਾ ਮੂਰਖ ਹੁੰਦਾ ਹੈ। ਜਿਹੜੇ ਵਿਸ਼ੇ ਬਾਰੇ ਮੈਨੂੰ ਕੁੱਝ ਨਹੀਂ ਪਤਾ ਉਹਦੇ ਬਾਰੇ ਮੈਂ ਕੁੱਝ ਬੋਲਣ ਦੀ ਕੋਸ਼ਿਸ਼ ਕਰਾਂ ਤਾਂ ਕੋਈ ਮੈਨੂੰ ਮੂਰਖ ਹੀ ਕਹੇਗਾ ਤੇ ਉਹ ਲੋਕ ਇਹ ਕਹਿ ਦਿੰਦੇ ਹਨ ਕਿ ਤੂੰ ਮੂਰਖ ਹੈਂ। ਪਰ ਸਾਡੇ ਇੱਥੇ ਕੋਈ ਕਿਸੇ ਨੂੰ ਮੂਰਖ ਨਹੀਂ ਕਹਿ ਸਕਦਾ ਹੈ। ਸਾਡੇ ਇੱਥੇ ਕੋਈ ਲੇਖਕ ਹੈ, ਉਹ ਕੋਈ ਕਵਿਤਾ ਲਿਖਦਾ, ਨਾਵਲ ਲਿਖਦਾ ਤੇ ਤੁਹਾਨੂੰ ਪੜ੍ਹਕੇ ਲਗਦਾ ਹੈ ਕਿ ਲਿਖਣ ਵਾਲ਼ਾ ਮੂਰਖ ਹੈ, ਪਰ ਤੁਸੀਂ ਉਹਦੇ ਮੂੰਹ 'ਤੇ ਨਹੀਂ ਕਹੋਂਗੇ। ਜਿਵੇਂ ਆਪਣੇ ਕੀ ਕਹਿੰਦੇ ਨੇ ਕਿ "ਡਾਕਟਰ ਸਾਹਿਬ ਤੁਸੀਂ

ਬਹੁਤ ਵਧੀਆ ਗੱਲਾਂ ਕੀਤੀਆਂ ਤੁਹਾਡੀ ਭਾਸ਼ਾ ਬਹੁਤ ਵਧੀਆ ਹੈ", ਮਤਲਬ ਕਿ ਆਪਣੇ ਇੱਥੇ ਰਸਮਪੂਰਤੀ ਬਹੁਤ ਚਲਦੀ ਹੈ।

ਜਿਵੇਂ ਜਿਹੜੀ ਮੈਂ ਗੱਲ ਕਰੂੰਗਾ ਕਿ ਭਾਰਤੀ ਸਮਾਜ ਵਿੱਚ ਗਿਆਨ ਪ੍ਰਸਾਰ ਦੀ ਲੋੜ ਕਿਉਂ ਹੈ ? ਇਹ ਕੋਈ ਅਕਾਦਮਿਕ ਕਸਰਤ ਨਹੀਂ ਹੈ। 'ਅਕਾਦਮਿਕ ਕਸਰਤ' ਵੀ ਇੱਕ ਕਠੋਰ ਸ਼ਬਦ ਹੈ। ਅੱਜ ਕਿਉਂਕਿ ਜ਼ਿਆਦਾਤਰ ਜੋ ਬਹਿਸਾਂ-ਗੋਸ਼ਠੀਆਂ-ਸੈਮੀਨਾਰ ਹੁੰਦੇ ਨੇ ਉਹ ਅਕਾਦਮਿਕ ਕਸਰਤਾਂ ਹੁੰਦੀਆਂ ਹਨ। ਅਕਾਦਮਿਕ ਕਸਰਤ ਕੀ ਹੁੰਦੀ ਹੈ ਕਿ ਤੁਸੀਂ ਕਿਸੇ ਚੀਜ਼ ਦੀ ਵਿਆਖਿਆ ਕਰਦੇ ਹੋਂ, ਗੱਲ ਕਰਦੇ ਹੋਂ ਪਰ ਉਹਦਾ ਕੋਈ ਠੋਸ ਅਮਲੀ ਕਾਰਜ ਨਹੀਂ ਮਿੱਥਦੇ ਕਿ ਤੁਸੀਂ ਕਰਨਾ ਕੀ ਹੈ, ਇਹਦੀ ਕੋਈ ਗੱਲ ਨਹੀਂ ਹੁੰਦੀ। ਜਦੋਂ ਅਸੀਂ ਆਪਣੇ ਸਮਾਜ ਦੀ ਗੱਲ ਕਰਾਂਗੇ ਕਿ ਇਸ ਸਮਾਜ ਵਿੱਚ ਅਜਿਹੀ ਇੱਕ ਬਹੁਤ ਵੱਡੀ ਲਹਿਰ ਦੀ ਜ਼ਰੂਰਤ ਹੈ। ਜਿਹਦਾ ਜ਼ੋਰ ਹੋਵੇ ਗਿਆਨ ਦੇ ਪ੍ਰਸਾਰ 'ਤੇ, ਆਮ ਲੋਕਾਂ ਤੱਕ ਗਿਆਨ ਪਹੁੰਚਾਉਣ 'ਤੇ। ਇਹਦੇ ਕੁੱਝ ਠੋਸ ਕਾਰਜ ਵੀ ਨਿਕਲਣਗੇ। ਜਿੰਨਾ ਕੁ ਮੈਂ ਪੜ੍ਹਿਆ ਮੈਨੂੰ ਨਹੀਂ ਲੱਗਦਾ ਕਿ ਭਾਰਤ ਵਿੱਚ ਅੱਜ ਤੱਕ ਕੋਈ ਅਜਿਹੀ ਲਹਿਰ ਰਹੀ ਹੋਵੇ ਜਿਸਦਾ ਗਿਆਨ ਪ੍ਰਸਾਰ 'ਤੇ ਜ਼ੋਰ ਹੋਵੇ। ਅਜਿਹੀਆਂ ਕਈ ਸੰਸਥਾਵਾਂ ਬਣਦੀਆਂ ਰਹੀਆਂ ਹਨ ਜਿਵੇਂ ਅਜ਼ਾਦੀ ਸਮੇਂ ਜਾਤ-ਪਾਤ ਤੋੜਕ ਮੰਡਲ ਬਣੇ। ਪਰ ਆਮ ਲੋਕਾਂ ਵਿੱਚ ਆਮ ਲੋਕਾਂ ਦੀ ਭਾਸ਼ਾ ਵਿੱਚ ਵਧੀਆ ਕੋਈ ਉਨਤ ਮਿਆਰੀ ਸਾਹਿਤ ਲੈ ਕੇ ਜਾਣਾ ਤੇ ਲੋਕਾਂ ਨੂੰ ਪੜ੍ਹਨ ਦੀ ਆਦਤ ਪਾਉਣੀ ਤੇ ਲੋਕਾਂ ਨੂੰ ਪੜ੍ਹਾਉਣਾ, ਵਿਚਾਰ ਚਰਚਾ ਕਰਨੀ। ਇਹ ਇੱਕ ਸੀਮਤ ਬੁੱਧੀਜੀਵੀਆਂ ਵਿੱਚ ਤਾਂ ਹੁੰਦਾ ਰਿਹਾ ਪਰ ਬਹੁਤ ਵੱਡੀ ਇੱਕ ਸਮਾਜਕ ਲਹਿਰ ਬਣੀ ਹੋਵੇ ਤਾਂ ਅਜਿਹਾ ਮੇਰੇ ਧਿਆਨ ਵਿੱਚ ਨਹੀਂ ਹੈ। ਯੂਰਪ ਵਿੱਚ ਅਜਿਹੀਆਂ ਲਹਿਰਾਂ ਚੱਲੀਆਂ ਨੇ ਜਿੱਥੋਂ ਆਪਾਂ ਪ੍ਰੇਰਨਾ ਲੈਂਦੇ ਹਾਂ। ਪਰ ਸਾਡੇ ਇੱਥੇ ਇਸ ਤਰ੍ਹਾਂ ਨਹੀਂ ਰਿਹਾ। ਜਿਵੇਂ ਕਮਿਊਨਿਸਟ ਲਹਿਰ ਰਹੀ ਆਪਣੇ ਇੱਥੇ। ਕਮਿਊਨਿਸਟ ਮਤਲਬ ਜਿਹਨਾਂ ਦੁਨੀਆਂ ਨੂੰ ਅੱਗੇ ਲੈ ਕੇ ਜਾਣਾ ਸੀ, ਸਮਾਜਵਾਦ ਦੀ ਦਿਸ਼ਾ ਲੈ ਕੇ ਜਾਣਾ ਸੀ ਤੇ ਅੱਜ ਵੀ ਉਹ ਇਹ ਕੰਮ ਕਰ ਰਹੇ ਨੇ। ਕਮਿਊਨਿਸਟ ਲਹਿਰ ਦਾ ਹੁਣ ਤੱਕ ਜ਼ਿਆਦਾ ਜ਼ੋਰ ਆਰਥਿਕ ਤੇ ਸਿਆਸੀ ਸੰਘਰਸ਼ਾਂ 'ਤੇ ਰਿਹਾ। ਸੱਭਿਆਚਾਰ ਦੇ ਖੇਤਰ ਵਿੱਚ ਕੰਮ ਨਹੀਂ ਹੋਇਆ। ਮਤਲਬ ਕਿ ਲੋਕਾਂ ਦੇ ਸੱਭਿਆਚਾਰ ਨੂੰ ਬਦਲਣ ਲਈ ਸੱਭਿਆਚਾਰ ਦੇ ਖੇਤਰ ਵਿੱਚ ਜੋ ਕੰਮ ਕਰਨਾ ਸੀ, ਉਹਦੇ 'ਤੇ ਕੰਮ ਨਹੀਂ ਹੋਇਆ। ਪੰਜਾਬ ਵਿੱਚ ਤਰਕਸ਼ੀਲ ਸੁਸਾਇਟੀ ਬਣੀ ਤੇ ਤਰਕਸ਼ੀਲ ਸੁਸਾਇਟੀ ਦਾ ਆਪਾਂ ਮੰਨਦੇ ਹਾਂ ਕਿ ਬੜਾ ਵਧੀਆ ਰੋਲ ਸਿਗਾ ਧਾਰਮਿਕ ਅੰਧ-ਵਿਸ਼ਵਾਸਾਂ ਨੂੰ ਤੋੜਨ 'ਚ ਲੋਕਾਂ ਵਿੱਚ ਗਿਆਨ-ਵਿਗਿਆਨ ਦੇ ਪ੍ਰਚਾਰ ਪ੍ਰਸਾਰ ਵਿੱਚ ਇਹਦੀ ਇੱਕ ਭੂਮਿਕਾ ਰਹੀ ਹੈ, ਪਰ ਬਹੁਤ ਹੀ ਸੀਮਤ ਰਹੀ ਹੈ। ਜਿਵੇਂ ਤਰਕਸ਼ੀਲ ਸੁਸਾਇਟੀ ਬਹੁਤ ਸਾਰੀਆਂ ਕਿਤਾਬਾਂ ਛਾਪਦੀ ਹੈ ਪਰ ਉਹਨਾਂ ਕਿਤਾਬਾਂ ਨੂੰ ਕੋਈ ਜਾਣਦਾ ਨਹੀਂ। ਕਿ ਉਹ ਕਿਤਾਬਾਂ ਕਿੱਥੇ ਨੇ ਤੇ ਛਪਕੇ ਕਿੱਥੇ ਰਹਿ ਜਾਂਦੀਆਂ ਨੇ। ਅੱਜ ਦੇ ਭਾਰਤੀ ਸਮਾਜ ਦੀ ਗੱਲ ਕਰੀਏ। ਅੱਜ ਸਾਡੇ

ਚਾਰੇ ਪਾਸੇ ਸਮਾਜ ਵਿੱਚ ਅੰਧ-ਵਿਸ਼ਵਾਸ ਹੈ ਕਿ ਉਈਂ ਕਿਸੇ ਦੀ ਗੱਲ ਮੰਨ ਲੈਣੀ। ਹੁਣ ਜਾਤ-ਪਾਤ ਬੇਸ਼ੱਕ ਟੁੱਟੀ ਹੈ ਉਹਦੇ ਕਈ ਕਾਰਨ ਨੇ ਉਸ 'ਤੇ ਫਿਰ ਕਦੀ ਵਿਸਥਾਰ ਨਾਲ਼ ਚਰਚਾ ਕਰਾਂਗੇ। ਪਰ ਅੱਜ ਵੀ ਜਿਹੜੇ ਜਾਤ-ਪਾਤੀ ਤੁਅੱਸਬ ਨੇ ਉਹ ਲੋਕਾਂ ਦੇ ਮਨ ਵਿੱਚ ਬਹੁਤ ਡੂੰਘੇ ਖੁੱਭੇ ਹੋਏ ਨੇ। ਭਾਵ ਜਿਸ ਚੀਜ਼ ਦਾ ਕੋਈ ਵਿਗਿਆਨਕ ਅਧਾਰ ਨਹੀਂ ਤੇ ਦੁਨੀਆਂ ਦਾ ਕੋਈ ਵੀ ਵਿਗਿਆਨ ਜੋ ਗੱਲ ਸਾਬਤ ਨਹੀਂ ਕਰ ਸਕਦਾ ਕਿ ਕੁੱਝ ਲੋਕ ਬਿਹਤਰ ਹੁੰਦੇ ਨੇ ਤੇ ਕੁੱਝ ਹੀਣੇ ਹੁੰਦੇ ਨੇ। ਪਰ ਫਿਰ ਵੀ ਸਾਡੇ ਦਿਮਾਗਾਂ ਵਿੱਚ ਉਹਦੀਆਂ ਡੂੰਘੀਆਂ ਜੜ੍ਹਾਂ ਨੇ ਤੇ ਤੀਸਰਾ ਅੱਜ ਔਰਤਾਂ ਦਾ ਜੋ ਸਾਡੇ ਸਮਾਜ ਵਿੱਚ ਦਰਜਾ ਹੈ। ਜਿਵੇਂ ਹਿੰਦੁਸਤਾਨ ਦੇ ਸ਼ਹਿਰੀ ਖੇਤਰ ਵਿੱਚ ਸਿਰਫ਼ ਵੀਹ ਫੀਸਦੀ ਔਰਤਾਂ ਆਪਣੀ ਰੋਜ਼ੀ-ਰੋਟੀ ਕਮਾਉਂਦੀਆਂ ਨੇ ਤੇ ਪੇਂਡੂ ਖੇਤਰ ਵਿੱਚ ਪੰਜਾਹ ਫੀਸਦੀ ਔਰਤਾਂ ਆਪਣੀ ਕਮਾਈ ਕਰਦੀਆਂ ਹਨ। ਪਰ ਯੂਰਪ ਵਿੱਚ ਇੱਕ ਵੀ ਔਰਤ ਅਜਿਹੀ ਨਹੀਂ ਹੋਵੇਗੀ ਜੋ ਆਰਥਿਕ ਤੌਰ 'ਤੇ ਆਤਮ ਨਿਰਭਰ ਨਾ ਹੋਵੇਗੀ। ਸਾਡੇ ਇੱਥੇ ਜ਼ਿਆਦਾਤਰ ਔਰਤਾਂ ਮਰਦਾਂ 'ਤੇ ਨਿਰਭਰ ਨੇ ਤੇ ਉਹ ਮਰਦਾਂ ਦੀਆਂ ਗ਼ੁਲਾਮ ਨੇ ਉਹਨਾਂ ਨੂੰ ਬਰਾਬਰੀ ਦਾ ਦਰਜਾ ਕਿਤੇ ਵੀ ਨਹੀਂ ਦਿੱਤਾ ਜਾਂਦਾ। ਇੱਥੋਂ ਤੱਕ ਕਿ ਜਿਹੜੇ ਬਹੁਤ ਪ੍ਰਗਤੀਸ਼ੀਲ ਬਣਦੇ ਨੇ ਉਹਨਾਂ ਦੇ ਘਰਾਂ ਵਿੱਚ ਜੋ ਹਾਲਤ ਹੈ ਇੱਕ ਦਮ ਉਹੀ ਜਗੀਰੂ ਦਾਬਾ ਔਰਤਾਂ 'ਤੇ ਬਣਿਆ ਹੋਇਆ ਹੈ। ਯੂਰਪ ਦੀ ਗੱਲ ਕਰੀਏ ਤਾਂ ਯੂਰਪ ਦਾ ਇੱਕ ਆਮ ਨਾਗਰਿਕ ਜਿੰਨੀ ਜਾਣਕਾਰੀ ਰੱਖਦਾ ਹੈ ਸਾਡੇ ਇੱਕ ਪੜ੍ਹੇ-ਲਿਖੇ ਵਿਦਵਾਨ ਨੂੰ ਵੀ ਉਹ ਗੱਲਾਂ ਨਹੀਂ ਪਤਾ ਹੁੰਦੀਆਂ। ਬਹੁਤ ਹੀ ਮਮੂਲੀ ਜਾਣਕਾਰੀਆਂ ਤੋਂ ਵੀ ਉਹ ਵਿਰਵੇ ਹੁੰਦੇ ਹਨ। ਬੰਗਾਲ ਵਿੱਚ ਸੁਣਿਆ ਕਿ ਕੌਫੀ ਹਾਊਸ ਜੋ ਨਹਿਰੂ ਨੇ ਬਣਵਾਏ ਸਿਗੇ। ਉੱਥੇ ਕੌਫ਼ੀ ਹਾਊਸਾਂ ਦਾ ਅੱਜ ਵੀ ਸੱਭਿਆਚਾਰ ਹੈ ਕਿ ਲੋਕੀਂ ਬੈਠਕੇ ਗੱਲਬਾਤ ਕਰਦੇ ਹਨ ਅੱਡ-ਅੱਡ ਵਿਸ਼ਿਆਂ 'ਤੇ। ਇੱਕ ਆਮ ਬੁੱਧੀਜੀਵੀ ਵੀ ਕਈ ਵਿਸ਼ਿਆਂ 'ਤੇ ਬੋਲ ਸਕਦਾ ਹੈ। ਹੁਣ ਪੰਜਾਬ ਵਿੱਚ ਸ਼ਾਇਦ ਹੀ ਕੋਈ ਇਦਾਂ ਦਾ ਬੰਦਾ ਮਿਲ਼ੇ ਜਿਹੜਾ ਇੱਕ ਵਿਸ਼ੇ ਤੋਂ ਵੱਧ ਬਹੁਤ ਸਾਰੇ ਵਿਸ਼ਿਆਂ 'ਤੇ ਬੋਲ ਸਕਦਾ ਹੋਵੇ। ਹੁਣ ਬੰਗਾਲੀ ਇੱਕ ਲੇਖਕ ਹੈ ਜਿਆਤੀ ਘੋਸ਼ ਉਹ ਅਰਥਸ਼ਾਸਤਰੀ ਹੈ ਪਰ ਜਿੰਨੀ ਮੁਹਾਰਤ ਨਾਲ਼ ਉਹ ਅਰਥਸ਼ਾਸਤਰ 'ਤੇ ਲਿਖ ਸਕਦੀ ਹੈ ਉਨੀ ਹੀ ਮੁਹਾਰਤ ਨਾਲ਼ ਉਹ ਸੰਗੀਤ 'ਤੇ ਵੀ ਲਿਖ ਸਕਦੀ ਹੈ ਪਰ ਸਾਡੇ ਪੰਜਾਬ ਵਿੱਚ ਉਹ ਚੀਜ਼ਾਂ ਨਹੀਂ ਹੈਗੀਆਂ। ਇੱਕ ਨਾਗਰਿਕ ਚੇਤਨਾ ਹੁੰਦੀ ਹੈ। ਯੂਰਪ 'ਚ ਕੂੜਾ ਦੋ ਥਾਵਾਂ 'ਤੇ ਇਕੱਠਾ ਕੀਤਾ ਜਾਂਦਾ ਹੈ ਜੈਵਿਕ ਤੇ ਅਜੈਵਿਕ। ਟ੍ਰੇਨਾਂ ਵਿੱਚ ਵੀ ਦੋ ਤਰ੍ਹਾਂ ਦੇ ਕੂੜੇਦਾਨ ਲੱਗੇ ਹੁੰਦੇ ਹਨ। ਇੱਕ ਤਾਂ ਉਹ ਕੂੜਾ ਜਿਸ ਦੀ ਤੁਸੀਂ ਮੁੜਕੇ ਵਰਤੋਂ ਕਰ ਸਕਦੇ ਹੋ, ਖਾਦ ਬਣ ਜਾਂਦੀ ਹੈ ਤੇ ਦੂਜਾ ਪਲਾਸਟਿਕ ਵਰਗਾ ਕਚਰਾ। ਲੋਕੀਂ ਇੱਕ ਦੀ ਬਜਾਏ ਦੋਵਾਂ ਥਾਂਵਾਂ 'ਤੇ ਕੂੜਾ ਪਾਂਦੇ ਨੇ। ਹੁਣ ਆਪਣੇ ਕੀ ਹੈ ਕਿ ਪਾਰਕਾਂ ਵਿੱਚ ਤੁਸੀਂ ਚਲੇ ਜਾਵੋ। ਜਿੱਥੇ ਲੋਕ ਬੈਠਦੇ ਨੇ ਉੱਥੇ ਹੀ ਥੁੱਕਦੇ ਰਹਿੰਦੇ ਨੇ। ਕੂੜਾ ਕਿੱਥੇ ਸੁੱਟਣਾ ਇਹਦੇ ਬਾਰੇ ਨਹੀਂ ਪਤਾ। ਅੱਜਕਲ੍ਹ ਪੰਜਾਬ ਵਿੱਚ ਆਧੁਨਿਕੀਕਰਨ ਦੀ ਮੁਹਿੰਮ

ਚੱਲ ਰਹੀ ਹੈ। ਬੱਸ ਅੱਡੇ ਠੀਕ-ਠਾਕ ਬਣ ਰਹੇ ਹਨ। ਚੰਗੇ ਟਾਇਲਟ ਬਣ ਰਹੇ ਨੇ। ਪਰ ਪਿਸ਼ਾਬ ਲੋਕ ਟਾਇਲਟ ਦੇ ਪਿਛਲੇ ਪਾਸੇ ਕੰਧ 'ਤੇ ਕਰਦੇ ਨੇ। ਜਿਵੇਂ ਕੁੱਤੇ ਨੂੰ ਆਦਤ ਹੁੰਦੀ ਹੈ ਉਹ ਖੰਭਾ ਲੱਭਦਾ ਹੈ ਪਿਸ਼ਾਬ ਕਰਨ ਲਈ ਉਵੇਂ ਹੀ ਇਹ ਹੈ। ਹੋਰ ਵੇਖੀਏ ਜਿਵੇਂ ਨਿੱਜਤਾ ਇੱਕ ਸੰਕਲਪ ਹੈ। ਪਰ ਆਪਣਾ ਹਿੰਦੋਸਤਾਨ ਨਹੀਂ ਜਾਣਦਾ ਕਿ ਨਿੱਜਤਾ ਕੋਈ ਚੀਜ਼ ਹੁੰਦੀ ਹੈ। ਸਾਡੇ ਇੱਥੇ ਕੋਈ ਨਿੱਜੀ ਜੀਵਨ ਨਹੀਂ ਹੁੰਦਾ। ਸਾਡੇ ਬਿਨਾਂ ਬਾਰ ਖੜਕਾਏ ਕੋਈ ਵੀ ਅੰਦਰ ਵੜ ਸਕਦੈ। ਤੁਸੀਂ ਪਰਦਾ ਲਾਇਆ ਤਾਂ ਪਰਦੇ ਦਾ ਕੋਈ ਮਤਲਬ ਨਹੀਂ ਪਰਦਾ ਚੁੱਕ ਕੇ ਅੰਦਰ ਵੜਜੂਗਾ, ਤੁਹਾਡੇ ਜੀਵਨ ਦੇ ਕਿਸੇ ਵੀ ਖੇਤਰ ਵਿੱਚ ਕੋਈ ਘੁਸ ਸਕਦਾ ਹੈ ਤੇ ਤੁਹਾਡੇ ਤੋਂ ਕੁੱਝ ਵੀ ਪੁੱਛ ਸਕਦਾ ਹੈ। ਜਿਵੇਂ ਕੋਈ ਬੰਦਾ ਵਿਆਹ ਨਹੀਂ ਕਰਵਾਉਣਾ ਚਾਹੁੰਦਾ, ਇਕੱਲਾ ਰਹਿਣਾ ਚਾਹੁੰਦਾ ਤਾਂ ਇਹ ਉਹਦੀ ਆਪਣੀ ਅਜ਼ਾਦੀ ਹੈ। ਪਰ ਉਹ ਇੰਝ ਨਹੀਂ ਕਰ ਸਕਦਾ। ਉਹਨੂੰ ਲੋਕ ਕਹਿਣ ਲੱਗ ਪੈਣਗੇ ਕਿ ਤੂੰ ਕਦੋਂ ਕਰਵਾਏਂਗਾ ? ਤੇਰੇ ਤਾਂ ਵਾਲ਼ ਚਿੱਟੇ ਹੋਣ ਲੱਗ ਪਏ, ਤੇਰੀ ਤਾਂ ਉਮਰ ਲੰਘ ਜਾਣੀ ਤੇ ਫਿਰ ਤੇਰਾ ਤਾਂ ਵਿਆਹ ਹੋਣਾ ਹੀ ਨਹੀਂ। ਮਤਲਬ ਹਰ ਮੋੜ 'ਤੇ, ਹਰ ਗਲ਼ੀ 'ਚ ਉਹਨੂੰ ਇਹਨਾਂ ਸਵਾਲਾਂ ਦਾ ਸਾਹਮਣਾ ਕਰਨਾ ਪਊਗਾ।

ਦੂਜਾ ਸੰਕਲਪ ਜਿਸਨੂੰ ਅਸੀਂ ਜਮਹੂਰੀਅਤ ਕਹਿੰਦੇ ਹਾਂ। ਜਮਹੂਰੀਅਤ ਇਹ ਨਹੀਂ ਕਿ ਆਪਾਂ ਪੰਜਾਂ ਸਾਲਾਂ ਪਿੱਛੋਂ ਵੋਟ ਪਾ ਸਕਦੇ ਹਾਂ। ਜਮਹੂਰੀਅਤ ਮਨੁੱਖੀ ਰਿਸ਼ਤਿਆਂ ਵਿੱਚ ਵੀ ਹੁੰਦੀ ਹੈ। ਆਪਾਂ ਆਪਸੀ ਰਿਸ਼ਤਿਆਂ ਵਿੱਚ ਕਿਸੇ ਨੂੰ ਕਿੰਨੀ ਕੁ ਜਮਹੂਰੀਅਤ ਦਿੰਦੇ ਹਾਂ। ਜਿਵੇਂ ਹਿੰਦੋਸਤਾਨ ਦਾ ਕੋਈ ਵੀ ਨੌਜਵਾਨ ਮੁੰਡਾ ਜਾਂ ਕੁੜੀ ਆਪਣੇ ਪੜ੍ਹਾਈ ਦੇ ਵਿਸ਼ੇ ਖ਼ੁਦ ਨਹੀਂ ਚੁਣ ਸਕਦਾ। ਫੇਰ ਕੋਈ ਆਪਣੀ ਮਰਜ਼ੀ ਦਾ ਪੇਸ਼ਾ ਨਹੀਂ ਚੁਣ ਸਕਦਾ। ਡਾਕਟਰ ਆਪਣੇ ਬੱਚੇ ਨੂੰ ਧੱਕੇ ਨਾਲ਼ ਡਾਕਟਰ ਹੀ ਬਣਾਉਣਾ ਚਾਹੂਗਾ ਤੇ ਹੋਰ ਵੱਡੀ ਗੱਲ ਕਿ ਆਪਾਂ ਆਪਣਾ ਜੀਵਨ ਸਾਥੀ ਨਹੀਂ ਚੁਣ ਸਕਦੇ। ਜੇ ਕੋਈ ਅਜਿਹਾ ਕਰਨ ਦਾ ਹੀਆ ਕਰੇ ਫਿਰ ਤਾਂ ਹੋਰ ਵੀ ਵੱਡੀ ਆਫ਼ਤ ਆ ਜਾਂਦੀ ਹੈ। ਅੱਗਾਂ ਲੱਗ ਜਾਂਦੀਆਂ ਨੇ, ਦੰਗੇ ਹੋ ਜਾਂਦੇ ਹਨ। ਹੁਣ ਆਪਣੇ ਪੰਜਾਬ ਵਿੱਚ ਹੀਰ ਪਤਾ ਨਹੀਂ ਕਦੋਂ ਤੋਂ ਗਾਈ ਜਾਂਦੀ ਹੈ ਤੇ ਜਦੋਂ ਹੀਰ ਬਣੇ ਘਰ ਵਿੱਚ ਤਾਂ ਹੀਰ ਦੇ ਨਾਲ਼ੇ ਉਹਦਾ ਰਾਂਝਾ ਵੀ ਟੰਗ ਦਿੰਦੇ ਹਨ। ਅੱਜ ਹਿੰਦੋਸਤਾਨ ਵਿੱਚ ਸਲਾਨਾ ਇੱਕ ਹਜ਼ਾਰ ਕਤਲ ਅਣਖ ਦੇ ਨਾਮ 'ਤੇ ਹੁੰਦੇ ਹਨ। ਇਹ ਉਹ ਆਂਕੜੇ ਨੇ ਜਿਹਨਾਂ ਦੀ ਰਿਪੋਰਟ ਦਰਜ ਹੋ ਜਾਂਦੀ ਹੈ ਤੇ ਜਿਹੜੇ ਮਾਂ-ਬਾਪ ਥਾਣੇ ਐਡਵਾਂਸ ਪੇਮੈਂਟ (ਰਿਸ਼ਵਤ) ਦੇਕੇ ਕਿ ਅਸੀਂ ਕੁੜੀ ਮਾਰਨੀ ਹੈ ਤੇ ਰਿਪੋਰਟ ਦਰਜ ਹੋਣੋ ਹੀ ਰੋਕ ਲੈਂਦੇ ਨੇ ਉਹਦਾ ਕਿਤੇ ਵੀ ਨਾਂ ਨਹੀਂ ਆਉਂਦਾ ਤੇ ਉਹਨਾਂ ਦੀ ਸੰਖਿਆ ਬਹੁਤ ਵੱਡੀ ਹੈ। ਮਤਲਬ ਜਿਹੜੀਆਂ ਚੀਜ਼ਾਂ ਯੂਰਪੀ ਦੇਸ਼ਾਂ ਵਿੱਚ ਅੱਜ ਤੋਂ ਕਈ ਸੌ ਸਾਲ ਪਹਿਲਾਂ ਹੋ ਗਈਆਂ। ਉਹਨਾਂ ਸਭ ਚੀਜ਼ਾਂ ਵਿੱਚ ਸਾਡਾ ਸਮਾਜ ਕਿੱਥੇ ਖੜ੍ਹਾ ਹੈ। ਅੱਜ ਵੀ ਨਾ ਤਾਂ ਨਿੱਜਤਾ ਦਾ ਸੰਕਲਪ ਹੈ ਸਾਡੇ ਸਮਾਜ ਵਿੱਚ ਤੇ ਨਾ ਹੀ ਕੋਈ ਜਮਹੂਰੀਅਤ ਦਾ ਸੰਕਲਪ ਹੈ ਤੇ ਨਾ ਹੀ ਕੋਈ ਨਾਗਰਿਕ ਚੇਤਨਾ ਦਾ

ਸੰਕਲਪ ਹੈ। ਆਮ ਗਿਆਨ ਦਾ ਪੱਧਰ... ਜਿਵੇਂ ਆਪਣੀ ਜਾਣਕਾਰੀ ਦਾ ਪੱਧਰ ਕੀ ਹੈ। ਪੂਰੀ ਵਿਦਿਆ ਪ੍ਣਾਲੀ ਹੀ ਘੋਟਾ ਲਾਊ ਹੈ। ਸਾਡਾ ਇੱਕ ਪ੍ਰੋਫ਼ੈਸਰ ਕਹਿੰਦਾ ਸਿਗਾ ਕਿ ਆਪਾਂ ਸਾਰਾ ਸਾਲ ਖਾਂਦੇ ਰਹਿੰਦੇ ਹਾਂ ਤੇ ਮੁੜਕੇ ਆਪਾਂ ਤਿੰਨ ਘੰਟੇ 'ਚ ਪੇਪਰ 'ਤੇ ਉਲ਼ਟੀ ਕਰ ਦਿੰਦੇ ਹਾਂ। ਉਸ ਤੋਂ ਬਾਅਦ ਭੁੱਲ ਜਾਂਦੇ ਹਾਂ। ਪਿਛਲੀ ਕਲਾਸ ਦਾ ਪੜ੍ਹਿਆ ਆਪਾਂ ਸਾਰਾ ਕੁੱਝ ਭੁੱਲ ਜਾਂਦੇ ਹਾਂ ਕਿਉਂਕਿ ਉਹ ਘੋਟਾ ਹੁੰਦਾ ਹੈ। ਇਹ ਪੂਰੀ ਵਿਦਿਅਕ ਪ੍ਣਾਲੀ ਅਵਿਗਿਆਨਕ ਹੈ। ਕਿ ਯਾਦ ਕਰੋ ਯਾਦ ਕਰੋ ਯਾਦ ਕਰੋ। ਮਤਲਬ ਇਹ ਨਹੀਂ ਕਿ ਯਾਦ ਕਰਨਾ ਕੋਈ ਬੁਰੀ ਗੱਲ ਹੈ ਪਰ ਯਾਦ ਕਰਨ ਦੀ ਇੱਕ ਸੀਮਾ ਹੁੰਦੀ ਹੈ। ਪਰ ਜਿਵੇਂ ਆਈਨਸਟੀਨ ਨੇ ਕਿਹਾ ਸੀ ਕਿ ਜਿਹੜੀ ਚੀਜ਼ ਦਸ ਸੈਕਿੰਡ ਵਿੱਚ ਉਪਲਭਧ ਹੋਵੇ ਉਹਨੂੰ ਯਾਦ ਕਰਨ ਦੀ ਲੋੜ ਹੀ ਨਹੀਂ। ਹੁਣ ਟੈਲੀਫੋਨ ਨੰਬਰ ਨੇ ਤੁਸੀਂ ਡਾਇਰੀ ਵਿੱਚ ਲਿਖੋ, ਯਾਦ ਕਰਨ ਦੀ ਲੋੜ ਹੀ ਨਹੀਂ। ਜਿਵੇਂ ਪਹਾੜੇ ਯਾਦ ਕਰਵਾਉਂਦੇ ਸਨ ਸਾਨੂੰ, ਸਕੂਲ ਵਿੱਚ ਮਾਸਟਰਾਂ ਨੇ ਜੀਣਾ ਹਰਾਮ ਕਰ ਰੱਖਿਆ ਸਿਗਾ। ਪਰ ਹੁਣ ਕਿਸੇ ਨੂੰ ਨਹੀਂ ਯਾਦ ਕਿ ਅਠਾਰ੍ਹੋ-ਅਠਾਰ੍ਹੀਆ ਕਿੰਨੇ ਹੁੰਦੇ ਨੇ ? ਮੈਨੂੰ ਲੱਗਦਾ ਨਹੀਂ ਕਿ ਇੱਥੇ ਬੈਠਿਆਂ ਨੂੰ ਕਿਸੇ ਨੂੰ ਪਤਾ ਹੋਵੇ। ਕਿਉਂਕਿ ਉਹਦਾ ਕੋਈ ਮਤਲਬ ਨਹੀਂ। ਨਕਸ਼ੇ ਪੜ੍ਹਾਉਂਦੇ ਸਨ ਸਾਨੂੰ। ਟਰੇਨ ਕਿੱਧਰੋਂ ਕਿੱਧਰ ਨੂੰ ਜਾਂਦੀ ਹੈ ਇਸ ਤੋਂ ਤੁਸੀਂ ਕੀ ਲੈਣਾ ? ਤੁਸੀਂ ਸਟੇਸ਼ਨ ਤੋਂ ਪਤਾ ਕਰ ਲੋ ਕਿ ਕਿਹੜੀ ਟਰੇਨ ਕਿੱਧਰੋਂ ਕਿੱਧਰ ਨੂੰ ਜਾਂਦੀ ਹੈ। ਮਤਲਬ ਫਾਲਤੂ ਦੀਆਂ ਚੀਜ਼ਾਂ ਯਾਦ ਕਰਵਾਈਆਂ ਜਾਂਦੀਆਂ ਹਨ ਪਰ ਜਿਹੜੀਆਂ ਚੀਜ਼ਾਂ ਦੀ ਲੋੜ ਹੁੰਦੀ ਹੈ, ਉਹ ਨਹੀਂ। ਜਿਵੇਂ ਆਪਣੇ ਕਈ ਮਿੱਤਰ ਇੱਥੇ ਅਜਿਹੇ ਨੇ ਉਹ ਐਵੇਂ ਪਾਸ ਨੇ, ਵੈਸੇ ਉਹ ਬਾਹਰ ਐਮ. ਏ. ਕਹਾਉਂਦੇ ਨੇ ਪਰ ਆਪਾਂ ਉਹਨਾਂ ਨੂੰ ਐਵੇਂ ਪਾਸ ਕਹਿੰਦੇ ਹਾਂ। ਇੱਕ ਨੂੰ ਮੈਂ ਪੁੱਛਿਆ ਕਿ ਯੂ.ਪੀ. ਕਿੱਥੇ ਹੈ ? ਤਾਂ ਉਹ ਕਹਿੰਦਾ ਸਿੱਕਮ ਦੇ ਪਰਲੇ ਪਾਸੇ ਹੈ ਕਿ ਬੰਗਲੌਰ ਯੂ.ਪੀ. ਦੀ ਰਾਜਧਾਨੀ ਹੈ। ਬਹੁਤ ਸਾਰੇ ਇੱਥੇ ਬੈਠੇ ਮਿੱਤਰ ਗੁੱਸਾ ਨਾ ਕਰਨ ਪਰ ਬਹੁਤ ਘੱਟ ਲੋਕਾਂ ਨੇ ਹਿੰਦੋਸਤਾਨ ਦਾ ਨਕਸ਼ਾ ਵੇਖਿਆ ਹੋਵੇਗਾ। ਕਿਉਂਕਿ ਇੱਕ ਚਾਹਤ, ਇੱਕ ਗਿਆਨ ਦੀ ਭੁੱਖ ਹੁੰਦੀ ਹੈ ਜਾਨਣ ਦੀ। ਇੱਕ ਉਤਸੁਕਤਾ ਹੁੰਦੀ ਹੈ ਵਿਗਿਆਨਕ ਵਾਲ਼ੀ ਕਿ ਆਹ ਚੀਜ਼ ਕਿਵੇਂ ਆ ਜਾਂ ਆਹ ਕਿਵੇਂ ਆ। ਗਰਮੀ ਕਿਉਂ ਲੱਗਦੀ ਆ, ਸਰਦੀ ਕਿਉਂ ਲੱਗਦੀ ਆ। ਇੱਕ ਉਤਸੁਕਤਾ ਹੁੰਦੀ ਹੈ, ਸਾਡੇ ਇਨਸਾਨ ਦੀ ਕੋਈ ਉਤਸੁਕਤਾਵਾਂ ਨਹੀਂ ਹੁੰਦੀਆਂ। ਤੇ ਅਗਿਆਨ ਜਿਹੜਾ ਹੁੰਦਾ ! ਕਾਰਲ ਮਾਰਕਸ ਨੇ ਲਿਖਿਆ ਕਿ ਅਗਿਆਨ ਇੱਕ ਦੈਂਤ ਐ, ਰਾਖ਼ਸ਼ਸ ਹੈ। ਅਗਿਆਨ ਦੇ ਕਰਕੇ ਬੰਦਾ ਬਹੁਤ ਸਾਰੇ ਦੁਖ ਝੱਲਦਾ, ਬਹੁਤ ਤ੍ਰਾਸਦੀਆਂ ਝੱਲਦਾ। ਸਾਡੇ ਇੱਕ ਗਰੀਬ ਬੰਦਾ ਸਿਗਾ ਉਹਨੇ ਕਈ ਦਿਹਾੜੀਆਂ ਕਰਕੇ ਕਣਕ ਖ਼ਰੀਦੀ। ਇੱਕ ਜੋਤਸ਼ੀ ਆ ਗਿਆ ਉਹ ਹੱਥ ਦੇਖਕੇ ਸਾਰੀ ਉਹਦੀ ਕਣਕ ਲੈ ਗਿਆ। ਹੁਣ ਜੋਤਿਸ਼ ਕੋਈ ਵਿਗਿਆਨ ਨਹੀਂ, ਜੇ ਬੰਦਾ ਜਾਣਦਾ ਹੋਵੇ। ਜੇ ਉਹ ਹੋਰਾਂ ਦਾ ਭਵਿੱਖ ਦੱਸ ਸਕਦਾ ਹੋਵੇ ਤਾਂ ਉਹ ਆਪਣਾ ਭਵਿੱਖ ਸੁਧਾਰ ਲਵੇ। ਆਪਾਂ ਤਰਕ ਨਹੀਂ ਕਰਦੇ। ਕਿਉਂਕਿ ਤਰਕ ਸਾਡੇ ਸੰਸਕਾਰਾਂ ਵਿੱਚ ਹੈ ਹੀ ਨਹੀਂ

ਕਿਉਂਕਿ ਇਹ ਗੱਲਾਂ ਸਾਡੇ ਲੋਕਾਂ ਨੂੰ ਸਿਖਾਈਆਂ ਹੀ ਨਹੀਂ ਗਈਆਂ, ਕਿ ਕਿੰਤੂ ਕਰਨਾ ਸਿੱਖੋ। ਸਵਾਲ ਉਠਾਉਣਾ ਸਿੱਖੋ। ਕੀ, ਕਿਉਂ ਤੇ ਕਿਵੇਂ ਕਰਨਾ ਸਿੱਖੋ। ਇਸੇ ਲਈ ਆਪਾਂ ਬਹੁਤ ਦੁੱਖ ਹੰਢਾਉਂਦੇ ਹਾਂ ਜ਼ਿੰਦਗੀ ਵਿੱਚ ਅਗਿਆਨ ਕਰਕੇ। ਹੁਣ ਬਹੁਤ ਸਾਰੀਆਂ ਚੀਜ਼ਾਂ, ਜਿਵੇਂ ਬਹੁਤ ਸਾਰੇ ਪੇਸ਼ੇ ਹਿੰਦੋਸਤਾਨ ਵਿੱਚ ਚੱਲ ਰਹੇ ਨੇ ਉਹ ਅਗਿਆਨ ਕਰਕੇ ਚੱਲ ਰਹੇ ਨੇ। ਹੁਣ ਇਹ ਜੋ ਏਜੰਟ ਵਿਦੇਸ਼ਾਂ ਵਿੱਚ ਭੇਜਦੇ ਨੇ ਉਹ ਅਗਿਆਨ ਦਾ ਫਾਇਦਾ ਲੈਂਦੇ ਨੇ। ਕੋਈ ਵੀ ਇੰਟਰਨੈੱਟ ’ਤੇ ਉਹ ਚੀਜ਼ਾਂ ਜਾਣ ਸਕਦਾ ਹੈ। ਪਰ ਲੋਕਾਂ ਨੂੰ ਪਤਾ ਨਹੀਂ। ਜਿੰਨੇ ਸਾਡੇ ਬਾਬੇ ਨੇ, ਸਾਧ ਨੇ ਲਾਲ-ਲਾਲ ਮੂੰਹਾਂ ਵਾਲ਼ੇ, ਵੱਡੀਆਂ-ਵੱਡੀਆਂ ਗੱਡੀਆਂ ਵਾਲ਼ੇ ਉਹ ਸਾਰੇ ਲੋਕਾਂ ਦੇ ਅਗਿਆਨ ਦਾ ਫਾਇਦਾ ਉਠਾਉਂਦੇ ਨੇ ਤੇ ਜਿੰਨੇ ਸਾਡੇ ਦੇਸ਼ ਦੇ ਭਗਵਾਨ ਅਮੀਰ ਨੇ ਉਨੇ ਤਾਂ ਵੱਡੇ-ਵੱਡੇ ਦੇਸ਼ਾਂ ਦੇ ਭਗਵਾਨ ਵੀ ਅਮੀਰ ਨਹੀਂ ਹੁਣੇ ਤੇ ਸਾਡੇ ਲੋਕ ਬਹੁਤ ਜ਼ਿਆਦਾ ਗ਼ਰੀਬ ਨੇ। ਧਰਮ ਦੇ ਨਾਮ ’ਤੇ ਦੰਗੇ ਫ਼ਸਾਦ ਸਭ ਤੋਂ ਵੱਧ ਇੱਥੇ ਹੁੰਦੇ ਨੇ। ਜਾਤ ਦੇ ਨਾਮ ’ਤੇ ਪੂਰੀਆਂ-ਪੂਰੀਆਂ ਬਸਤੀਆਂ ਜਲ਼ਾ ਦਿੱਤੀਆਂ ਜਾਂਦੀ ਨੇ ਸਾਡੇ ਗੁਆਂਢ ਹਰਿਆਣੇ ਵਿੱਚ। ਦੱਖਣ ਵਿੱਚ ਚਲੇ ਜਾਵੋ ਉੱਥੇ ਹੋਰ ਵੀ ਵੱਧ ਹੈ। ਉਹਦੇ ਹੋਰ ਵੀ ਕਾਰਨ ਹਨ ਪਰ ਇੱਕ ਉਹਦਾ ਕਾਰਨ ਹੈ ਅਗਿਆਨ। ਅਗਿਆਨ ਸਾਡਾ ਦੁਸ਼ਮਣ ਹੈ।

ਮਨੁੱਖੀ ਇਤਿਹਾਸ ਵਿੱਚ ਬਹੁਤ ਵੱਡੀ ਤਰੱਕੀ ਹੋਈ ਜਦੋਂ ਛਾਪਾਖਾਨਾ ਖੋਜਿਆ ਗਿਆ। ਛਾਪੇਖਾਨੇ ਨੇ ਮਨੁੱਖ ਨੂੰ ਬਹੁਤ ਅੱਗੇ ਪਹੁੰਚਾ ਦਿੱਤਾ। ਕਿਉਂਕਿ ਕਿਤਾਬਾਂ ਛਪਣ ਲੱਗ ਪਈਆਂ। ਇਹਦੀ ਵੀ ਆਪਾਂ ਅੱਗੇ ਗੱਲ ਕਰਾਂਗੇ। ਅੱਜ ਇੱਕ ਹੋਰ ਬਹੁਤ ਵੱਡੀ ਕਰਾਂਤੀ ਹੈ ਉਹ ਹੈਗਾ ਇੰਟਰਨੈੱਟ। ਜਿਸ ਨੂੰ ਆਪਾਂ ਸੂਚਨਾ ਕ੍ਰਾਂਤੀ ਕਹਿੰਦੇ ਹਾਂ। ਮਤਲਬ ਕਿ ਅਜਿਹੀ ਕੋਈ ਤਰੱਕੀ ਕਦੇ ਮਨੁੱਖੀ ਇਤਿਹਾਸ ਵਿੱਚ ਹੋਈ ਹੀ ਨਹੀਂ ਕਿ ਤੁਸੀਂ ਬਸ ਸੋਚੋ ਕਿ ਤੁਹਾਨੂੰ ਕਿਹੜੀ ਜਾਣਕਾਰੀ ਚਾਹੀਦੀ ਹੈ। ਇੰਟਰਨੈੱਟ ਉੱਤੇ ਜਾਓ ਤੇ ਤੁਹਾਨੂੰ ਹਰ ਜਾਣਕਾਰੀ ਉਪਲਬਧ ਹੈ। ਪਰ ਇੰਟਰਨੈੱਟ ਦਾ ਇਸਤੇਮਾਲ ਸਾਡੇ ਦੇਸ਼ ਵਿੱਚ ਕੀ ਹੋ ਰਿਹੈ। ਜੇ ਕਿਤੇ ਆਂਕੜੇ ਕੱਢੇ ਜਾਣ ਤਾਂ ਗੰਦੀਆਂ ਫਿਲਮਾਂ ਸਭ ਤੋਂ ਵੱਧ ਹਿੰਦੁਸਤਾਨ ਵਿੱਚ ਹੀ ਦੇਖੀਆਂ ਜਾਂਦੀਆਂ ਹੋਣਗੀਆਂ। ਕਿਉਂਕਿ ਜਿਹੜਾ ਸਮਾਜ ਜਿੰਨਾ ਬੰਦ ਹੁੰਦੈ ਉੱਥੇ ਉਨਾਂ ਹੀ ਗੰਦ ਹੁੰਦੈ। ਜਿਹੜਾ ਸਮਾਜ ਜਿੰਨਾ ਖੁੱਲ੍ਹਾ ਹੁੰਦੈ ਉੱਥੇ ਉਨੀ ਹੀ ਗੰਦਗੀ ਘੱਟ ਹੁੰਦੀ ਹੈ। ਆਪਣਾ ਸਮਾਜ ਉੱਪਰੋਂ ਸਾਰਾ ਢੱਕਿਆ ਹੋਇਆ, ਬਹੁਤ ਬੀਬਾ ਤੇ ਸ਼ਰੀਫ਼ ਐ ਤੇ ਅੰਦਰੋਂ ਬਹੁਤ ਗੰਦਾ ਹੈ। ਕੁੜੀ ਜੇ ਜੀਨਜ਼ ਪਾ ਲਵੇ ਤਾਂ ਹਾ ਲ਼ਾ ਲ਼ਾ ਹੋ ਜਾਂਦੀ ਹੈ ਤੇ ਹਰਿਦੁਆਰ ਜਾਕੇ ਵੇਖੋ ਕੀ ਹੁੰਦੈ ਸੰਸਾਰ ਦੇ ਕਿਸੇ ਕੋਨੇ ਵਿੱਚ ਨਹੀਂ ਹੋਣਾ। ਆਪਣੇ ਗੁਰਦੁਆਰਿਆਂ ਵਿੱਚ ਚਲੇ ਜਾਵੋ। ਮੈਂ ਇੱਕ ਵਾਰ ਗਿਆ ਸੀ ਪਾਊਂਟਾ ਸਾਹਿਬ ਗੁਰਦੁਆਰੇ। ਉੱਥੇ ਰੱਸ਼ ਜ਼ਿਆਦਾ ਸੀ ਤੇ ਬੀਬੀਆਂ ਦੇ ਨਹਾਉਣ ਨੂੰ ਜਗ੍ਹਾ ਘੱਟ ਸੀ ਤੇ ਬਸ ਉਹਨਾਂ ਨੇ ਬਣਾ ਤਾ ਉੱਥੇ ਗੋਆ। ਜਿਵੇਂ ਗੋਆ ’ਚ ਤਾਂ ਯੂਰਪੀ ਲੋਕਾਂ ਦਾ ਇੱਕ ਅਲੱਗ ਸੱਭਿਆਚਾਰ ਹੈ ਤੇ ਉਹ ਇੱਕ ਅਲੱਗ ਚੀਜ਼ ਹੈ। ਉਸਤੋਂ ਬਹੁਤ ਹੱਦ ਦਰਜੇ ਦੀ ਗੰਦਗੀ ਹੈ ਆਪਣੇ ਸਮਾਜ ਵਿੱਚ। ਦੋਗਲ਼ਾਪਣ ਬਹੁਤ ਹੈ ਕਹਿਣਾ

ਕੁੱਝ ਹੈ ਤੇ ਕਰਨਾ ਕੁੱਝ ਹੈ। ਗਾਉਣੀ ਹੀਰ ਹੈ ਤੇ ਮਾਰਨੀ ਵੀ ਹੀਰ ਹੈ। ਭਗਤ ਸਿੰਘ-ਭਗਤ ਸਿੰਘ ਤਾਂ ਸਾਰੇ ਕਹਿੰਦੇ ਨੇ। ਭਗਤ ਸਿੰਘ ਦਾ ਸਾਡੇ ਦੇਸ਼ ਵਿੱਚ ਬਹੁਤ ਰੁਤਬਾ ਹੈ। ਪਰ ਇੱਥੇ ਇੱਕ ਕਹਾਵਤ ਵੀ ਚਲਦੀ ਹੈ ਕਿ ਭਗਤ ਸਿੰਘ ਜੰਮੇ ਜ਼ਰੂਰ ਪਰ ਜੰਮੇ ਗੁਆਂਢੀਆਂ ਦੇ। ਕਾਮਰੇਡਾਂ ਦਾ ਵੀ ਇਹੀ ਹਾਲ ਹੀ ਹੈ। ਜਿਹੜੇ ਕਾਮਰੇਡ ਨੇ ਸਾਡੇ ਦੇਸ਼ ਦੇ ਮਤਲਬ ਕਿਸੇ ਘਰੋਂ ਵੀ ਧੀ ਜਾਂ ਪੁੱਤ ਕਮਿਊਨਿਸਟ ਨਹੀਂ ਬਣਦਾ। ਨਕਸਲਬਾੜੀ ਲਹਿਰ ਤੋਂ ਬਾਅਦ ਜਿਹੜੇ ਲੋਕ ਕਮਿਊਨਿਸਟ ਬਣੇ ਉਹਨਾਂ ਦੇ ਘਰੋਂ ਡਾਕਟਰ ਪੈਦਾ ਹੋਏ ਨੇ, ਇੰਜੀਨੀਅਰ ਪੈਦਾ ਹੋਏ ਨੇ ਤੇ ਵਿਦੇਸ਼ਾਂ ਵਿੱਚ ਸੈੱਟ ਹੋਏ ਨੇ ਉਹਨਾਂ ਦੇ ਬੱਚੇ ਤੇ ਦੂਜਿਆਂ ਦੇ ਬੱਚਿਆਂ ਨੂੰ ਹੱਲਾ-ਸ਼ੇਰੀ ਦੇ ਦੇ ਕੇ ਉਹਨਾਂ ਭਗਤ ਸਿੰਘ ਬਣਾਏ। ਤੇ ਉਹ ਤਿੰਨ ਚਾਰ ਸਾਲਾਂ ਵਿੱਚ ਨਿਰਾਸ਼ ਹੋ ਕੇ ਘਰੇ ਕਾਮਰੇਡਾਂ ਨੂੰ ਗਾਲ੍ਹਾਂ ਕੱਢਦੇ ਫ਼ਿਰਦੇ ਨੇ। ਜਿਵੇਂ ਦੋਰੰਗਾਪਨ ਹੈ, ਦੋਗਲ਼ਾਪਨ ਹੈ ਹਰ ਖੇਤਰ ਵਿੱਚ ਦੋਗ਼ਲ਼ਾਪਨ ਹੈ। ਅਜਿਹਾ ਬਰਬਰ ਸਮਾਜ ਹੈ ਇਹ। ਬਰਬਰਤਾ ਮਨੁੱਖੀ ਸੱਭਿਅਤਾ ਦੀ ਇੱਕ ਮੰਜ਼ਿਲ ਸਿਗੀ। ਬਰਬਰਤਾ ਕੀ ਸੀਗੀ ਕਿ ਤੁਸੀਂ ਏਂਗਲਜ਼ ਕਿਤਾਬ ਪੜ੍ਹੋ, "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਉਤਪਤੀ"। ਬਰਬਰਤਾ ਇੱਕ ਬਹੁਤ ਮੁੱਢਲੀ ਅਵਸਥਾ ਸਿਗੀ। ਉਹ ਅਵਸਥਾ ਸਿਗੀ ਜਦੋਂ ਇੱਕ ਕਬੀਲਾ ਦੂਜੇ 'ਤੇ ਹਮਲਾ ਕਰਦਾ ਸੀ ਤਾਂ ਉਸ ਦੇ ਸਾਰੇ ਲੋਕਾਂ ਨੂੰ ਮਾਰ ਦਿੰਦਾ ਸੀ। ਜਿਵੇਂ ਆਪਾਂ ਬਰਬਰ ਹਾਂ ਹਾਲ਼ੇ ਵੀ ਆਪਾਂ ਬਰਬਰ ਹਾਂ ਕਹਿਣ ਨੂੰ ਡੈਮੋਕ੍ਰੇਸੀ ਹੈ। ਡੈਮੋਕ੍ਰੇਸੀ ਜਿਹੜੀ ਹੈ ਸਰਮਾਏਦਾਰਾ ਲੋਕਤੰਤਰ ਹੈ ਇਹ ਤਾਂ ਮਨੁੱਖੀ ਸੱਭਿਅਤਾ ਦਾ ਬਹੁਤ ਅਗਲੇਰਾ ਵਿਕਾਸ ਹੈ। ਯੁਗਾਂ ਬਾਅਦ ਮਨੁੱਖ ਇੱਥੇ ਪਹੁੰਚਿਆ ਸੀ। ਆਪਾਂ ਇੱਥੇ ਪਹੁੰਚ ਤਾਂ ਗਏ ਪਰ ਅਸਲ ਵਿੱਚ ਆਪਣੇ ਸੱਭਿਆਚਾਰ ਪੱਖੋਂ ਆਪਣੇ ਸੰਸਕਾਰਾਂ ਪੱਖੋਂ ਆਪਣੀਆਂ ਆਦਤਾਂ ਪੱਖੋਂ ਆਪਣਾ ਸਮਾਜ ਭਿਅੰਕਰ ਬਰਬਰ ਹੈ। ਅਤੇ ਆਪਣੀ ਸਭ ਤੋਂ ਵੱਧ ਦੁਸ਼ਮਣੀ ਕਿਸ ਨਾਲ਼ ਹੈ ? ਗਿਆਨ ਨਾਲ਼। ਗਿਆਨ ਦੇ ਅਸੀਂ ਸਭ ਤੋਂ ਵੱਡੇ ਦੁਸ਼ਮਣ ਹਾਂ। ਉਹ ਕਿਵੇਂ ? ਦੇਖੋ ਕਿਸੇ ਵੀ ਘਰ ਵਿੱਚ ਤੁਹਾਨੂੰ ਕਿਤਾਬ ਸੰਭਾਲ਼ੀ ਨਹੀਂ ਮਿਲ਼ੇਗੀ। ਇੱਕ ਕਾਮਰੇਡ ਸਿਗਾ, ਉਹਦੇ ਕੋਲ਼ ਬਹੁਤ ਸਾਰੀਆਂ ਕਿਤਾਬਾਂ ਸਿਗੀਆਂ ਤੇ ਉਹ ਕਿਤਾਬਾਂ ਉਹਦੇ ਬੈੱਡ ਵਿੱਚ ਸਿਗੀਆਂ ਤੇ ਉਹਦੇ ਉੱਪਰ ਗੱਦਾ, ਉਹਦੇ ਉੱਪਰ ਚਾਦਰ ਤੇ ਉੱਪਰ ਉਹ ਆਪ ਤੇ ਕਿਤਾਬਾਂ ਥੱਲੇ। ਕਿਤਾਬਾਂ ਨੂੰ ਹਵਾ ਨਹੀਂ ਸੀ ਲਵਾਉਂਦਾ ਕਦੇ ਜਾਂ ਢੇਰ ਲੱਗਾ ਹੁੰਦਾ ਕਿਤਾਬਾਂ ਦਾ ਇੱਕ ਖੂੰਝੇ ਵਿੱਚ। ਇੱਕ ਬੰਦੇ ਦੇ ਮੈਂ ਘਰੇ ਗਿਆ ਮੈਂ ਉਹਦੇ ਡਰਾਇੰਗ ਰੂਮ ਵਿੱਚ ਬੈਠਾ ਸੀ। ਉਹਨੂੰ ਪੁੱਛਿਆ ਤੇਰੀਆਂ ਕਿਤਾਬਾਂ ਕਿੱਥੇ ਗਈਆਂ ? ਉਹਨੇ ਕਿਹਾ ਉਹ ਪਿੰਡ ਛੱਡ ਆਇਆਂ ਇੱਥੇ ਜਗ੍ਹਾ ਨਹੀਂ ਸਿਗੀ। ਮੈਂ ਉਹਨੂੰ ਕਿਹਾ ਯਾਰ ਤੂੰ ਇਸ ਸੋਫ਼ੇ ਤੇ ਬੈੱਡ ਨੂੰ ਬਾਹਰ ਸੜਕ 'ਤੇ ਲਿਜਾਕੇ ਅੱਗ ਲਾ ਦੇ, ਇਸ ਵਿੱਚੋਂ ਕੀ ਨਿਕਲੂਗਾ ? ਬੰਦਾ ਥੱਲੇ ਚਟਾਈ 'ਤੇ ਸੌਂ ਜਾਵੇ। ਕਿਤਾਬ ਜੇ ਪੰਜ ਰੁਪਏ ਦੀ ਹੋ ਸਕਦੀ ਹੈ, ਪੰਜਾਹ ਰੁਪਏ ਦੀ ਹੋ ਸਕਦੀ ਹੈ ਪਰ ਕਿਤਾਬ ਜਿੰਨਾ ਸੱਚਾ ਦੋਸਤ ਕੋਈ ਨਹੀਂ ਹੋ ਸਕਦਾ। ਕਿਤਾਬ ਤੁਹਾਡੀ ਜ਼ਿੰਦਗੀ ਬਦਲ ਦਿੰਦੀ ਹੈ। ਤੁਹਾਡਾ ਜੀਵਨ ਪਲਟ ਦਿੰਦੀ ਹੈ। ਗਿਆਨ ਇੰਨੀ ਵੱਡੀ ਚੀਜ਼

ਹੁੰਦੀ ਹੈ ਤੇ ਦੇਖੋ ਕਿਤਾਬ ਇਹ ਦਿੰਦੀ ਹੈ ਤੁਹਾਨੂੰ। ਜਿਹਦੀ ਜਗ੍ਹਾ ਸਾਡੇ ਘਰ ਵਿੱਚ ਕੁਰਸੀਆਂ ਨੇ ਲੈ ਲਈ। ਸੋਫ਼ਿਆਂ ਨੇ ਲੈ ਲਈ, ਬੈੱਡਾਂ ਨੇ ਲੈ ਲਈ। ਮਤਲਬ ਭੌਤਿਕ ਚੀਜ਼ਾਂ ਨੇ ਲੈ ਲਈ। ਜਿਵੇਂ ਅਲਥੂਸਰ ਨੇ ਲਿਖਿਆ, "ਮਨੁੱਖ ਦੀਆਂ ਚੀਜ਼ਾਂ, ਨਹੀਂ ਨਹੀਂ ਚੀਜ਼ਾਂ ਦਾ ਮਨੁੱਖ"। ਸਾਡਾ ਬੰਦਾ ਉਪਭੋਗਤਾਵਾਦ ਦਾ ਸ਼ਿਕਾਰ ਹੈ। ਮਤਲਬ ਚੀਜ਼ਾਂ ਸਾਡੇ ਲਈ ਨਹੀਂ ਅਸੀਂ ਚੀਜ਼ਾਂ ਦੇ ਹੋ ਗਏ ਹਾਂ। ਆਪਾਂ ਚੀਜ਼ਾਂ ਲਈ ਹਾਂ। ਚੀਜ਼ਾਂ ਇੱਕ ਸਟੇਟਸ ਸਿੰਬਲ ਹੈ। ਜਿਵੇਂ ਯੂਰਪ ਦੇ ਲੋਕ ਸਾਦੇ ਕੱਪੜੇ ਪਹਿਨਦੇ ਨੇ। ਕੋਈ ਤੜਕ-ਭੜਕ ਨਹੀਂ, ਪਰ ਜਿਨ੍ਹਾਂ ਹਿੰਦੋਸਤਾਨੀ ਬੰਦਾ ਨਿਕੰਮਾ ਇਹਦੇ ਕੋਲ਼ ਪੈਸਾ ਆ ਜਾਂਦਾ ਇਹਦੀਆਂ ਗੱਲ੍ਹਾਂ ਫੁੱਲ ਜਾਂਦੀਆਂ, ਇਹਦਾ ਢਿੱਡ ਨਿਕਲ ਆਉਂਦਾ, ਇਹ ਮੋਟਾ ਹੋ ਜਾਂਦਾ ਹੈ, ਦਾਰੂ ਨਾਲ਼ ਉਹਦਾ ਬੁਰਾ ਹਾਲ ਹੋ ਜਾਂਦਾ। ਹਿੰਦੋਸਤਾਨੀ ਬੰਦਾ ਗ਼ਰੀਬ ਤੋਂ ਅਮੀਰ ਬਣ ਜਾਂਦਾ ਤਾਂ ਪਹਿਲੀ ਨਿਸ਼ਾਨੀ ਉਹਦਾ ਢਿੱਡ ਬਾਹਰ ਨੂੰ ਆ ਜਾਂਦਾ ਹੈ। ਉਹਦਾ ਚਿਹਰਾ ਦੇਖਣਯੋਗ ਨਹੀਂ ਰਹਿ ਜਾਂਦਾ। ਯਾਨੀ ਖ਼ੁਦ ਨੂੰ ਬਰਬਾਦ ਕਰ ਲੈਂਦੇ ਨੇ। ਵਿਜੇ ਮਾਲੀਆ ਆ... ਮੁੰਦਰੀਆਂ ਪਾਈ ਫਿਰਦਾ, ਮਾਲ਼ਾ ਪਾਈ ਫਿਰਦਾ ਸੋਨੇ ਦੀ। ਹਿੰਦੋਸਤਾਨ ਦਾ ਸਰਮਾਏਦਾਰ ਸੋਬਰ ਨਹੀਂ। ਯੂਰਪ ਦੇ ਪੂੰਜੀਪਤੀ ਅੱਡ ਦਿਖਦੇ ਨੇ। ਫ਼ਰਾਂਸ ਦੇ ਕੁੱਝ ਲੋਕ ਬਹੁਤ ਅਮੀਰ ਹੋ ਗਏ। ਉਹ ਕਹਿੰਦੇ ਕੀ ਕਰਨਾ ਇੰਨਾ ਪੈਸਾ। ਉਹ ਕਹਿੰਦੇ ਛੱਡੋ ਪਰ੍ਹਾਂ ਇਹ ਸਭ ਕੀ ਕਰਨਾ। ਸਮੁੰਦਰ ਕੰਢੇ ਝੁੱਗੀ ਪਾਕੇ ਰਹੋ। ਫ਼ਰਾਂਸੀਸੀ ਬੰਦਾ ਕਰ ਸਕਦਾ ਇਹ, ਪਰ ਆਪਣਾ ਬੰਦਾ ਨਹੀਂ ਕਰ ਸਕਦਾ ਇਹ ਸਭ। ਜਿਵੇਂ ਫੁਕਰਪੁਣਾ ਹੈ, ਜਿਸ ਕੋਲ਼ ਪੈਸਾ ਆਉਂਦਾ ਉਹ ਫੁਕਰਾ ਹੋ ਜਾਂਦਾ।

ਸੋਵੀਅਤ ਯੂਨੀਅਨ ਟੁੱਟ ਗਿਆ 1991 ਵਿੱਚ ਤੇ ਬਹੁਤ ਸਾਰੇ ਲੋਕਾਂ ਦੇ ਸੁਪਨੇ ਟੁੱਟ ਗਏ ਕਿ ਹੁਣ ਨਹੀਂ ਸਮਾਜਵਾਦ ਆਉਣਾ। ਉਹਨਾਂ ਸਭ ਤੋਂ ਪਹਿਲਾ ਕੰਮ ਕੀ ਕੀਤਾ ਕਿ ਕਿਤਾਬਾਂ ਚੁੱਕ ਕੇ ਬਾਰ ਦੇ ਸਾਹਮਣੇ ਰੱਖ ਦਿੱਤੀਆਂ ਕਿ ਕੋਈ ਰੱਦੀ ਵਾਲ਼ਾ ਆਊਗਾ ਤੇ ਲੈ ਜਾਊਗਾ।

ਗਿਆਨ ਦੇ ਜੋ ਸ੍ਰੋਤ ਨੇ, ਜਿੱਥੋਂ ਤੁਹਾਡਾ ਜੀਵਨ ਬਦਲਦਾ, ਜਿੱਥੋਂ ਜੀਵਨ ਦੀ ਨਵੀਂ ਦਿਸ਼ਾ ਮਿਲਦੀ ਹੈ। ਅੱਜ ਆਪਾਂ ਇੱਥੇ ਬੈਠੇ ਹਾਂ ਗੱਲ ਕਰ ਰਹੇ ਹਾਂ ਪੰਜਾਹ ਬੰਦੇ। ਇਹ ਲਾਇਬ੍ਰੇਰੀ ਆਦਿ ਹਮੇਸ਼ਾ ਤਾਂ ਨਹੀਂ ਸਿਗਾ। ਅੱਜ ਤੋਂ ਸੱਠ ਸਾਲ ਪਹਿਲਾਂ ਪੂਰੇ ਮਾਲਵੇ ਵਿੱਚ ਤਿੰਨ ਹੀ ਸਕੂਲ ਹੁੰਦੇ ਸਨ। ਮਾਲਵਾ ਜਿੱਥੇ ਜਗੀਰਦਾਰਾਂ ਦਾ ਰਾਜ ਹੁੰਦਾ ਸਿਗਾ ਤੇ ਜਿਹੜੇ ਕਿਸਾਨ ਤੇ ਪਿੰਡਾਂ ਦੇ ਦਲਿਤ ਮਜ਼ਦੂਰ ਸਨ ਉਹਨਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਪੜ੍ਹਨ 'ਤੇ ਪਾਬੰਦੀ ਹੁੰਦੀ ਸੀ। ਇਹ ਇਤਿਹਾਸ ਤੁਹਾਨੂੰ ਪਤਾ ? ਪਿੰਡਾਂ ਦੇ ਲੋਕ ਸਾਧਾਂ ਤੋਂ ਪੜ੍ਹਦੇ ਸਨ। ਸਾਧ ਪੜ੍ਹੇ-ਲਿਖੇ ਹੁੰਦੇ ਸਨ ਤੇ ਜਿਹਦੇ ਪੜ੍ਹਨ ਬਾਰੇ ਉਹਨਾਂ ਨੂੰ ਪਤਾ ਲੱਗ ਜਾਂਦਾ ਸੀ ਉਹਦੇ ਪਿੰਡ ਦੀ ਸੱਥ ਵਿੱਚ ਕੁੱਟ ਪੈਂਦੀ ਸੀ। ਇਸ ਸਾਰੇ ਮਾਲਵੇ ਵਿੱਚ ਸੱਠ ਸਾਲ ਪਹਿਲਾਂ ਦੀਆਂ ਗੱਲਾਂ ਨੇ। ਮਤਲਬ ਗਿਆਨ ਆਇਆ ਲੋਕਾਂ ਕੋਲ਼ੇ ਤਾਂ ਲੋਕ ਅੱਗੇ ਵਧੇ ਤੇ ਅੱਜ ਆਪਾਂ ਇੱਥੇ ਬੈਠੇ ਹਾਂ। ਕਿਤਾਬਾਂ ਵਿੱਚ ਸਾਡੇ ਪੁਰਖਿਆਂ ਦਾ ਉਹਨਾਂ ਦਾ ਸਦੀਆਂ ਦਾ ਤਜ਼ਰਬਾ ਹੈ।

ਉਹ ਇਹ ਨਵੀਂ ਪੀੜ੍ਹੀ ਨੂੰ ਸਪੁਰਦ ਕਰਦੇ ਨੇ। ਇਸ ਲਈ ਕਿਤਾਬ ਨੂੰ ਸਭ ਤੋਂ ਵੱਧ ਸੰਭਾਲ਼ ਕੇ ਰੱਖਣਾ ਚਾਹੀਦਾ ਹੈ। ਹੁਣ ਮਾਰਕਸ ਏਂਗਲਜ਼ ਦੀਆਂ ਚਿੱਠੀਆਂ ਦੇ ਕਈ ਵਾਲੀਉਮ ਛਪੇ ਨੇ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਲੋਕ ਚਿੱਠੀਆਂ ਨੂੰ ਕਿੰਨਾ ਸੰਭਾਲ ਕੇ ਰੱਖਦੇ ਸਨ। ਸਾਡੇ ਚਿੱਠੀ ਪੜ੍ਹਕੇ ਨਾਲ਼ ਦੀ ਨਾਲ਼ ਚੁੱਲੇ ਵਿੱਚ ਸੁੱਟ ਦਿੰਦੇ ਨੇ। ਹੁਣ ਤਾਂ ਚਿੱਠੀ ਕੋਈ ਲਿਖਦਾ ਹੀ ਨਹੀਂ। ਚਿੱਠੀਆਂ ਦਾ ਜ਼ਮਾਨਾ ਹੀ ਗੁਜ਼ਰ ਗਿਆ। ਕੰਪਿਊਟਰ ਆ ਤੇ ਇਸਦਾ ਜੋ ਇਸਤੇਮਾਲ ਹੋ ਰਿਹਾ ਸਾਡੇ ਸਮਾਜ ਵਿੱਚ ਉਹ ਆਪਾਂ ਨੂੰ ਪਤਾ ਹੀ ਹੈ। ਅਜਿਹੇ ਸਮਾਜ ਵਿੱਚ ਇੱਕ ਲਹਿਰ ਦੀ ਲੋੜ ਹੈ। ਜਿਵੇਂ ਦੂਜੀਆਂ ਲਹਿਰਾਂ ਚੱਲਦੀਆਂ ਨੇ ਕਿ ਮਜ਼ਦੂਰਾਂ, ਵਿਦਿਆਰਥੀਆਂ, ਨੌਜਵਾਨਾਂ ਦੇ ਸੰਗਠਨ ਬਣਦੇ ਨੇ ਉਹਦੇ ਨਾਲ਼ ਹੀ ਇੱਕ ਇਦਾਂ ਦੀ ਲਹਿਰ ਦੀ ਲੋੜ ਹੈ ਜਿਸਦਾ ਗਿਆਨ ਪ੍ਰਸਾਰ 'ਤੇ ਜ਼ੋਰ ਹੋਵੇ। ਜਿਵੇਂ ਯੂਰਪ ਦੇ ਵਿੱਚ ਬਹੁਤ ਬਾਅਦ ਦੇ ਵਿੱਚ ਵੀ ਜਦੋਂ ਮਜ਼ਦੂਰ ਲਹਿਰਾਂ ਦਾ ਜ਼ੋਰ ਸਿਗਾ ਉੱਥੇ ਗਿਆਨ ਪ੍ਰਸਾਰ ਦੇ ਸੰਗਠਨ ਬਣਦੇ ਸਨ ਜਿਵੇਂ ਮਜ਼ਦੂਰ ਗਿਆਨ ਪ੍ਰਸਾਰ ਸਮਾਜ, ਜਰਮਨ ਮਜ਼ਦੂਰ ਗਿਆਨ ਪ੍ਰਸਾਰ ਸਮਾਜ ਤੇ ਇਹ ਸ਼ਬਦ ਵੀ ਕਿੰਨਾ ਵਧੀਆ ਹੈ 'ਗਿਆਨ ਪ੍ਰਸਾਰ ਸਮਾਜ' ਤੇ ਗਿਆਨ ਦੇ ਪ੍ਰਸਾਰ 'ਤੇ ਹੀ ਉਹਨਾਂ ਦਾ ਜ਼ੋਰ ਸਿਗਾ।

ਜਿਵੇਂ ਸਾਡੇ ਸਮਾਜ ਦੀ ਹਾਲਤ ਹੈ, ਜਿਸਦੀ ਆਪਾਂ ਇੱਥੇ ਚਰਚਾ ਕੀਤੀ। ਪਹਿਲੀ ਗੱਲ ਇਹ ਇਦਾਂ ਕਿਉਂ ਹੈ? ਪਹਿਲੀ ਗੱਲ ਤਾਂ ਇਹ ਕਿ ਇਸ ਹਕੀਕਤ ਨੂੰ ਸਵੀਕਾਰ ਕਰੀਏ ਕਿ ਇਹ ਹੈ। ਸਾਡੇ ਸੱਭਿਅਤਾ ਤਾਂ ਬਹੁਤ ਵਿਕਸਤ ਹੋ ਗਈ, ਯਾਨੀ ਭੌਤਿਕ ਚੀਜ਼ਾਂ ਤਾਂ ਬਹੁਤ ਆ ਗਈਆਂ ਸਾਡੇ। ਸੱਭਿਅਤਾ ਮਤਲਬ ਸੜਕਾਂ ਦਾ ਨਿਰਮਾਣ ਹੋ ਗਿਆ, ਘਰ ਬਣਨ ਲੱਗ ਪਏ ਤੇ ਇਹ ਜੋ ਆਰਕੀਟੈਚਰ ਹੈ ਇਹ ਸਾਰਾ ਯੂਰਪ ਤੋਂ ਆਇਆ ਹੈ ਸਾਡਾ ਤਾਂ ਇਹ ਨਹੀਂ ਹੈ, ਟੈਲੀਵਿਜ਼ਨ ਆ ਗਿਆ, ਕਾਰਾਂ ਆ ਗਈਆਂ। ਇਹ ਅਸੀਂ ਨਹੀਂ ਬਣਾਈਆਂ ਇਹ ਉਹਨਾਂ ਦੇ ਦਿੱਤੀਆਂ ਸਾਨੂੰ। ਫੋਨ ਆ ਗਏ, ਫੋਨ ਵੀ ਆਪਾਂ ਨਹੀਂ ਬਣਾਏ, ਆਪਾਂ ਕੁੱਝ ਨਹੀਂ ਕੀਤਾ ਤੇ ਇਹ ਸਭ ਕੁੱਝ ਹੀ ਬਾਹਰੋਂ ਆਇਆ ਹੋਇਆ ਮਾਲ ਹੈ। ਹਿੰਦੋਸਤਾਨ 'ਚ ਤਾਂ ਇਹ ਸਾਰੀਆਂ ਖੋਜਾਂ ਨਹੀਂ ਹੋਈਆਂ। ਸਾਰਾ ਬਣਿਆ ਬਣਾਇਆ ਮਿਲ਼ ਗਿਆ ਪਰ ਸਾਨੂੰ ਇਸਤੇਮਾਲ ਕਰਨਾ ਨਹੀਂ ਆਉਂਦਾ। ਕਹਿਣ ਨੂੰ ਇਹ ਛੋਟੀਆਂ ਗੱਲਾਂ ਨੇ ਪਰ ਅਸਲ ਵਿੱਚ ਇਹ ਬਹੁਤ ਵੱਡੀਆਂ ਗੱਲਾਂ ਨੇ। ਕੋਈ ਬੰਦਾ ਬੱਸ ਦੀ ਪਿਛਲੀ ਸੀਟ 'ਤੇ ਬੈਠਾ ਗੱਲ ਕਰਦੈ ਤਾਂ ਉਹਦੀਆਂ ਗੱਲਾਂ ਬੱਸ ਦੀ ਅਗਲੀ ਸੀਟ ਤੱਕ ਸੁਣਦੀਆਂ ਰਹਿੰਦੀਆਂ ਨੇ। ਜਿਵੇਂ ਉੱਚੀ-ਉੱਚੀ ਬੋਲਣਾ ਲੋਕਾਂ ਨੂੰ ਪ੍ਰੇਸ਼ਾਨ ਕਰਨਾ। ਜਿਵੇਂ ਪਾਨ ਖਾ-ਖਾ ਕੇ ਥੁੱਕਣਾ। ਤੁਸੀਂ ਟਰੇਨਾਂ ਵਿੱਚ ਸਫ਼ਰ ਕਰੋ। ਕਿਸੇ ਬੰਦੇ ਨੂੰ ਤਕਲੀਫ਼ ਹੋ ਸਕਦੀ ਹੈ ਪਰ ਨਹੀਂ, ਉੱਥੇ ਹੀ ਪਿਚਕਾਰੀਆਂ ਮਾਰੀ ਜਾਂਦੇ ਨੇ। ਗਿਆਨ ਨੂੰ ਕਿੰਨੀ ਨਫ਼ਰਤ ਕਰਦੇ ਨੇ ਆਪਣੇ ਲੋਕ ਇੱਕ ਉਦਾਹਰਣ ਮੈਂ ਤੁਹਾਨੂੰ ਹੋਰ ਦਿੰਦਾਂ। ਸੋਵੀਅਤ ਯੂਨੀਅਨ ਵਾਲ਼ੇ ਇੱਕ ਮੈਗਜ਼ੀਨ ਕੱਢਦੇ ਸਨ 'ਸੋਵੀਅਤ ਦੇਸ' ਤੇ ਉਹਦਾ ਕਾਗ਼ਜ਼ ਬਹੁਤ ਕੂਲ਼ਾ ਹੁੰਦਾ ਸੀ ਤੇ ਆਪਣੇ ਸਾਰੇ ਘਰਾਂ ਵਿੱਚ ਜਾਂਦਾ ਹੁੰਦਾ

ਸੀ। ਉਹ ਪੜ੍ਹਨ ਲਈ ਨਹੀਂ ਹੁੰਦਾ ਸੀ। ਉਹਦਾ ਇਸਤੇਮਾਲ ਜਵਾਕਾਂ ਦੀ ਟੱਟੀ ਪੂੰਝਣ ਲਈ ਕਰਦੇ ਸਨ ਲੋਕ ਕਿ ਕਾਗ਼ਜ਼ ਬਹੁਤ ਮੁਲਾਇਮ ਹੈ। ਇਹ ਸਾਡਾ ਸਮਾਜ ਹੈ, ਇੰਨਾ ਬਰਬਰ ਸਮਾਜ ਹੈ। ਇਹ ਕਿਉਂ ਹੈ ? ਇਹ ਕਿਉਂ ਇਹੋ ਜਿਹਾ ਬਣ ਗਿਆ। ਹਮੇਸ਼ਾ ਹੀ ਇਹ ਐਹੋ ਜਿਹਾ ਨਹੀਂ ਸਿਗਾ। ਜਿਵੇਂ ਅੱਜ ਆਪਾਂ ਯੂਰਪ ਦੀ ਗੱਲ ਕਰੀਏ ਤਾਂ ਯੂਰਪੀਅਨ ਸੱਭਿਅਤਾ ਵਿਕਸਤ ਹੈ। ਉਸ ਤੋਂ ਪਹਿਲਾਂ ਏਸ਼ੀਅਨ ਸੱਭਿਅਤਾ ਵਿਕਸਤ ਸੀ। ਸਭ ਤੋਂ ਪੁਰਾਣੀ ਸੱਭਿਅਤਾ ਸਿੰਧ ਘਾਟੀ ਦੀ ਸੱਭਿਅਤਾ, ਆਪਣੀ ਸੱਭਿਅਤਾ ਸੀ। ਹੜੱਪਾ, ਮਹੁੰਜੋਦੜੋ, ਮਿਸਰ ਦੀ ਸੱਭਿਅਤਾ ਸਭ ਤੋਂ ਵਿਕਸਤ ਸੀ। ਚੀਨੀ ਸੱਭਿਅਤਾ ਸਭ ਤੋਂ ਵਿਕਸਤ ਸੱਭਿਅਤਾ ਸੀ। ਖੇਤੀ ਇੱਥੋਂ ਹੀ ਸ਼ੁਰੂ ਹੋ ਸਭ ਤੋਂ ਪਹਿਲਾਂ। ਇਥੋਂ ਹੀ ਯੂਰਪ ਵਿੱਚ ਫੈਲੀ। ਮਤਲਬ ਆਪਾਂ ਯੂਰਪ ਨੂੰ ਖੇਤੀ ਕਰਨਾ ਸਿੱਖਾਇਆ। ਯੂਰਪੀ ਤਾਂ ਘੋੜਿਆਂ 'ਤੇ ਤੁਰੇ ਫਿਰਦੇ ਸਨ ਸ਼ਿਕਾਰ ਕਰਦੇ। ਕਬਾਇਲੀ ਸਨ ਉਹ ਸਾਰੇ। ਬਾਅਦ ਵਿੱਚ ਉਹ ਅੱਗੇ ਲੰਘ ਗਏ ਆਪਾਂ ਪਿੱਛੇ ਰਹਿ ਗਏ। ਇਹਦੇ ਕੁੱਝ ਕਾਰਣ ਨੇ, ਜਿਹਦੇ ਲਈ ਸਾਨੂੰ ਇਤਿਹਾਸ ਵਿੱਚ ਜਾਣਾ ਪਊਗਾ। ਇੱਥੇ ਥੋੜੀ ਜਿਹੀ ਆਪਾਂ ਇਤਿਹਾਸ ਦੀ ਗੱਲ ਕਰਾਂਗੇ। ਆਪਣੇ ਇਤਿਹਾਸ ਦੀ ਵੀ ਗੱਲ ਕਰਾਂਗੇ ਤਾਂ ਕਿ ਇਸ ਸਮੱਸਿਆ ਦੀ ਜੜ੍ਹ ਤੱਕ ਪਹੁੰਚ ਸਕੀਏ ਤੇ ਜੋ ਯੂਰਪ ਦਾ ਜੋ ਇਤਿਹਾਸ ਹੈ ਉਸਦੀ ਵੀ ਥੋੜੀ ਜਿਹੀ ਗੱਲ ਆਪਾਂ ਨੂੰ ਕਰਨੀ ਪੈਣੀ ਹੈ।

ਅਲਥੂਸਰ ਨੇ ਲਿਖਿਆ ਹੈ ਕਿ ਗਿਆਨ ਦੇ ਤਿੰਨ ਮਹਾਂਦੀਪ ਨੇ ਜਿਹਨਾਂ ਵਿੱਚੋਂ ਸਭ ਤੋਂ ਪਹਿਲਾ ਮਹਾਂਦੀਪ ਹੈ ਗਣਿਤ ਜਿਸਦਾ ਜਨਮ ਯੂਨਾਨ ਵਿੱਚ ਹੋਇਆ। ਯੂਨਾਨ ਇੱਕ ਅਜਿਹੀ ਧਰਤੀ ਸੀ ਜਿਸ ਵਿੱਚ ਸਭ ਤੋਂ ਪਹਿਲਾਂ ਭੌਤਿਕਵਾਦੀ ਫਲਸਫ਼ਾ ਪੈਦਾ ਹੋਇਆ। ਜਿੱਥੇ ਮਨੁੱਖ ਨੇ ਖ਼ੁਦ ਨੂੰ ਸਮਝਣਾ ਸ਼ੁਰੂ ਕੀਤਾ ਮਤਲਬ ਕਿ ਇਹਲੋਕ ਤੇ ਪਰਲੋਕ ਕਿ ਪਰਲੋਕ ਹੈ ਕੋਈ ? ਜਾਂ ਇਹੀ ਲੋਕ ਸਭ ਕੁੱਝ ਹੈ ? ਸਭ ਤੋਂ ਪਹਿਲਾਂ ਜਿਹੜਾ ਆਧੁਨਿਕੀਕਰਣ ਜੋ ਸੀ ਉਹ ਇਟਲੀ 'ਚ ਸ਼ੁਰੂ ਹੋਇਆ। ਫਲੋਰੈਂਸ, ਵੀਨਸ ਵਗੈਰ੍ਹਾ ਸਭ ਤੋਂ ਪਹਿਲੇ ਸ਼ਹਿਰ ਸਨ। ਸਭ ਤੋਂ ਪਹਿਲਾ ਸ਼ਹਿਰ ਰੋਮ ਸੀ। ਜਿਸ ਦੀ ਅਬਾਦੀ ਦੱਸ ਲੱਖ ਤੋਂ ਵਧੀ। ਫਿਰ ਇੱਕ ਸਮਾਂ ਆਇਆ ਕਿ ਇਹ ਸੱਭਿਅਤਾਵਾਂ ਤਬਾਹ ਹੋਈਆਂ। ਇੱਕ ਬਹੁਤ ਵੱਡੀ ਲਾਇਬ੍ਰੇਰੀ ਸੀ ਮਿਸਰ ਵਿੱਚ ਅਲੈਕਜ਼ੈਂਡਰੀਆ ਨਾਮ ਦੀ। ਉਥੋਂ ਦੇ ਵਿਦਵਾਨਾਂ ਨੇ ਬਣਾਈ ਸੀ। ਪਰ ਉਹਨਾਂ ਵਿਦਵਾਨਾਂ ਦਾ ਆਮ ਲੋਕਾਂ ਨਾਲ਼ ਕੋਈ ਮਤਲਬ ਨਹੀਂ ਸੀ ਹੁੰਦਾ। ਬਸ ਉਹ ਖਾਂਦੇ ਸੀ, ਪੀਂਦੇ ਸੀ, ਚਿੰਤਨ ਕਰਦੇ ਸਨ ਤੇ ਵਾਦ-ਵਿਵਾਦ ਕਰਦੇ ਸਨ। ਜਨਤਾ ਨਾਲ਼ ਉਹਨਾਂ ਦਾ ਕੋਈ ਲੈਣਾ ਦੇਣਾ ਨਹੀਂ ਸੀ। ਫਿਰ ਵਿਦੇਸ਼ੀ ਹਮਲਾਵਰ ਆਏ ਵਿੱਚੇ ਉਹ ਵਿਦਵਾਨ ਵੀ ਮਾਰਤੇ, ਕਿਤਾਬਾਂ ਜਾਲ਼ ਦਿੱਤੀਆਂ ਆਮ ਲੋਕਾਂ ਨੇ ਉਨ੍ਹਾਂ ਵਿਦਵਾਨਾਂ ਦਾ ਸਾਥ ਨਹੀਂ ਦਿੱਤਾ।

ਉਹ ਵਿਦਵਾਨ ਆਮ ਲੋਕਾਂ ਤੋਂ ਨਿੱਖੜੇ ਹੋਏ ਸਨ ਤੇ ਜੇ ਉਹ ਲਾਇਬ੍ਰੇਰੀ ਅੱਜ ਹੁੰਦੀ ਤਾਂ ਅੱਜ ਮਨੁੱਖਾ ਗਿਆਨ ਕਿਤੇ ਅੱਗੇ ਹੁੰਦਾ, ਜੋ ਕਿ ਤਬਾਹ ਕਰ ਦਿੱਤਾ ਗਿਆ। ਇਵੇਂ ਜੋ ਯੂਰਪੀ ਸੱਭਿਅਤਾ ਸੀ ਉਹ ਤਬਾਹ ਹੋ ਗਈ ਤੇ ਹਜ਼ਾਰਾਂ ਸਾਲ ਉਹ ਉਸੇ ਅਵਸਥਾ ਵਿੱਚ

ਰਹੀ। 14ਵੀਂ ਸਦੀ ਤੋਂ ਯੂਰਪ ਨੇ ਫਿਰ ਤੋਂ ਉੱਸਲਵੱਟਾ ਲੈਣਾ ਸ਼ੁਰੂ ਕੀਤਾ ਮਤਲਬ ਫਿਰ ਤੋਂ ਜਾਗਣਾ ਸ਼ੁਰੂ ਕੀਤਾ। ਇਸ ਲਈ ਇਟੈਲੀਅਨ ਵਿੱਚ ਸ਼ਬਦ ਹੈ 'ਰਿਨੇਸਾਂ' ਜਿਸ ਦਾ ਮਤਲਬ ਹੈ ਮੁੜ ਜਨਮ। ਆਪਾਂ ਉਹਦਾ ਪੰਜਾਬੀ ਵਿੱਚ ਅਨੁਵਾਦ ਕਰਦੇ ਹਾਂ 'ਨਵਜਾਗਰਣ' ਕਿ ਨਵੇਂ ਸਿਰਿਓਂ ਜਾਗਣਾ। ਇਹ ਨਵਜਾਗਰਣ ਕਾਲ ਕੀ ਸਿਗਾ ਉਦੋਂ ਯੂਰਪ ਦੇ ਵਿੱਚ ਉਦੋਂ ਪੂਰਾ ਢਾਂਚਾ ਇੱਕ ਜਗੀਰੂ ਢਾਂਚਾ ਸੀ। ਉਹਦੇ ਵਿੱਚ-ਵਿੱਚ ਸਰਮਾਏਦਾਰੀ ਦੇ... ਜਿਵੇਂ ਕੁੱਝ ਕੁੱਝ ਸ਼ਹਿਰੀਕਰਨ, ਸਨਅਤੀਕਰਨ ਸ਼ੁਰੂ ਹੋ ਗਿਆ ਸੀ। ਹੁਣ ਜਿਹੜੀ ਨਵੀਂ ਜਮਾਤ ਉੱਭਰ ਰਹੀ ਸੀ ਸਰਮਾਏਦਾਰਾਂ ਦੀ ਉਸ ਨੂੰ ਮਜ਼ਦੂਰ ਚਾਹੀਦਾ ਸੀ। ਪਰ ਮਜ਼ਦੂਰ ਪਿੰਡ 'ਚ ਹੈ ਤੇ ਪਿੰਡ 'ਚ ਉਹ ਜਗੀਰਦਾਰ ਦਾ ਗ਼ੁਲਾਮ ਹੈ। ਹੁਣ ਇਸ ਸਰਮਾਏਦਾਰ ਜਮਾਤ ਦਾ ਇਹ ਹਿੱਤ ਸੀ ਕਿ ਪੁਰਾਣਾ ਢਾਂਚਾ ਤੋੜਿਆ ਜਾਵੇ। ਅਜਿਹੇ ਜਿਹੜੇ ਦਾਰਸ਼ਨਿਕ ਸੀ, ਕੁੱਝ ਅਜਿਹੇ ਵਿਚਾਰਵਾਨ ਸਿਗੇ ਜਿਹਨਾਂ ਨੂੰ ਇਹ ਪੈਸਾ ਦਿੰਦੇ ਸਨ। ਉਹ ਕੀ ਕਰਦੇ ਸਿਗੇ ਕਿ ਗਰੀਸ ਦੀਆਂ ਪੁਰਾਣੀਆਂ ਕਿਤਾਬਾਂ, ਗਰੀਸ ਵਿੱਚ ਹੇਰਾਕਲਾਈਟਸ, ਡੈਮੋਕਰੀਟਸ ਦੀਆਂ ਕਿਤਾਬਾਂ ਛਾਪਦੇ ਸਨ, ਵਾਦ-ਵਿਵਾਦ ਕਰਵਾਉਂਦੇ ਸਨ, ਵਿਚਾਰ-ਚਰਚਾ ਹੁੰਦੀ ਸੀ। ਇਹਦਾ ਕੇਂਦਰ ਸੀ ਇਟਲੀ ਬਾਅਦ ਵਿੱਚ ਤਾਂ ਪੂਰੇ ਯੂਰਪ ਵਿੱਚ ਇਹ ਲਹਿਰ ਫੈਲ ਗਈ। ਜਿਵੇਂ ਆਪਣੇ ਇੱਥੇ ਪਹਿਲਾਂ ਸੰਸਕ੍ਰਿਤ ਵਿੱਚ ਲਿਖਦੇ ਸਨ। ਉਵੇਂ ਇਟਲੀ ਵਿੱਚ ਲੈਟਿਨ ਭਾਸ਼ਾ ਵਿੱਚ ਲਿਖਿਆ ਜਾਂਦਾ ਸੀ। ਫਿਰ ਬਹੁਤ ਸਾਰੇ ਲੋਕਾਂ ਦਾ ਮਤ ਸੀ ਕਿ ਆਪਾਂ ਨੂੰ ਉਸ ਭਾਸ਼ਾ ਵਿੱਚ ਲਿਖਣਾ ਚਾਹੀਦਾ ਹੈ ਜਿਸਨੂੰ ਆਮ ਲੋਕ ਜਾਣਦੇ ਹਨ। ਉਹਨਾਂ ਭਾਸ਼ਾਵਾਂ ਵਿੱਚ ਕਿਤਾਬਾਂ ਲਿਖੀਆਂ ਜਾਣ ਅਤੇ ਉਹਨਾਂ ਦਾ ਵੱਡੇ ਪੱਧਰ 'ਤੇ ਪ੍ਰਚਾਰ-ਪ੍ਰਸਾਰ ਕੀਤਾ ਜਾਵੇ। ਇਸ ਲਹਿਰ ਨੂੰ ਕਹਿੰਦੇ ਨੇ ਨਵਜਾਗਰਣ ਦੀ ਲਹਿਰ। ਪਹਿਲਾਂ ਇਹ ਪੂਰੇ ਇਟਲੀ ਵਿੱਚ ਫੈਲੀ ਤੇ ਉਸ ਤੋਂ ਬਾਅਦ ਪੂਰੇ ਯੂਰਪ ਵਿੱਚ ਫੈਲੀ। ਉਦੋਂ ਪਾਮੀਰੀ ਨਾਮ ਦਾ ਇੱਕ ਦਾਰਸ਼ਨਿਕ ਸੀ। ਫਲੋਰੈਂਸ ਦੇ ਬਾਹਰਵਾਰ ਉਹ ਗੋਸ਼ਠੀਆਂ ਕਰਦਾ ਸੀ। ਉਹਨਾਂ ਗੋਸ਼ਠੀਆਂ ਵਿੱਚ ਇੱਕ ਵਿਸ਼ਾ ਇਹ ਵੀ ਹੁੰਦਾ ਸੀ ਕਿ ਆਪਣੇ ਬੱਚਿਆਂ ਦੀ ਪਰਵਰਿਸ਼ ਕਿਵੇਂ ਕੀਤੀ ਜਾਵੇ ? ਬੱਚੇ ਸ਼ਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਨਾਗਰਿਕ ਕਿਵੇਂ ਬਣਨ ? ਦੇਖੋ ਅੱਜ ਤੋਂ ਕਿੰਨੇ ਸੌ ਸਾਲ ਪਹਿਲਾਂ। ਇਹ ਮਤਲਬ ਤੇਰ੍ਹਵੀਂ ਸਦੀ ਵਿੱਚ ਲੋਕ ਇਹ ਸੋਚਦੇ ਸਨ ਤੇ ਸਾਡਾ ਹਿੰਦੋਸਤਾਨੀ ਅੱਜ ਵੀ ਇਹ ਨਹੀਂ ਸੋਚਦਾ। ਅੱਜ ਜਿਹਨਾਂ ਲੋਕਾਂ ਨੇ ਬੱਚੇ ਪੈਦਾ ਕੀਤੇ ਨੇ ਕਿਸੇ ਨੇ ਵੀ ਕੋਈ ਕਿਤਾਬ ਨਹੀਂ ਪੜ੍ਹੀ ਹੋਣੀ ਬੱਚਿਆਂ ਦੀ ਪਰਵਰਿਸ਼ ਦੇ ਲਈ, ਬਾਲ ਮਨੋਵਿਗਿਆਨ 'ਤੇ ਕਿਉਂਕਿ ਹਿੰਦੋਸਤਾਨ ਵਿੱਚ ਸਭ ਕੁੱਝ ਅਨੁਭਵਵਾਦੀ ਤਰੀਕੇ ਨਾਲ਼ ਹੁੰਦੈ। ਆਪਾਂ ਕਰਦੇ ਕਰਦੇ ਸਿੱਖਦੇ ਰਹਿੰਦੇ ਹਾਂ। ਹੁਣ ਕੀ ਹੈ ਕਿ ਵਿਗਿਆਨ ਦਾ ਯੁੱਗ ਹੈ ਹਰ ਚੀਜ਼ ਦਾ ਸਿਧਾਂਤ ਹੈ। ਬਹੁਤ ਲੋਕਾਂ ਨੇ ਬਹੁਤ ਕੁੱਝ ਕੀਤਾ ਹੋਇਆ ਤੇ ਉਹ ਅਸੀਂ ਜਾਣਦੇ ਨਹੀਂ। ਹੁਣ ਵਿਆਹ ਕਰਵਾਉਂਦਾ ਬੰਦਾ ਪਰ ਵਿਆਹ ਬਾਰੇ ਕੋਈ ਕਿਤਾਬ ਨਹੀਂ ਪੜ੍ਹਦਾ। ਵੈਸੇ ਤਾਂ ਵਿਆਹ ਕਰਵਾਉਣ ਤੋਂ ਪਹਿਲਾਂ ਵੀ ਬੰਦੇ ਨੂੰ ਪੜ੍ਹਾਈ ਕਰਨੀ ਚਾਹੀਦੀ ਹੈ ਕਿ ਵਿਆਹ ਕੀ ਚੀਜ਼

ਹੈ ? ਪਤਾ ਹੀ ਨਹੀਂ ਕਿ ਪੜ੍ਹਨਾ ਚਾਹੀਦੈ। ਬੱਚਿਆਂ ਦੀ ਪਰਵਰਿਸ਼ 'ਤੇ ਸਭ ਤੋਂ ਵੱਧ ਕੰਮ ਸੋਵੀਅਤ ਯੂਨੀਅਨ 'ਚ ਹੋਇਆ। ਇੱਕ ਸੀ ਗਲੇਬ ਉਸਪੇਂਸਕੀ, ਜ੍ਹਿਨੇ ਬਹੁਤ ਸ਼ਾਨਦਾਰ ਕੰਮ ਕੀਤਾ ਬਾਲ-ਮਨੋਵਿਗਿਆਨ 'ਤੇ ਬੱਚਿਆਂ ਦੀ ਪਰਵਰਿਸ਼ 'ਤੇ। ਉਸ ਤੋਂ ਬਾਅਦ ਤਾਂ ਢੇਰਾਂ ਹੀ ਨੇ। ਬਹੁਤ ਹੈ! ਮਕਾਰੈਂਕੋ ਨੇ ਇੱਕ ਕਿਤਾਬ ਲਿਖੀ ਹੈ 'ਇੱਕ ਪੁਸਤਕ ਮਾਤਾ ਪਿਤਾ ਲਈ'। ਹੁਣ ਕਹਿਣ ਨੂੰ ਤਾਂ ਅਸੀਂ ਬੱਚਿਆਂ ਨੂੰ ਪਿਆਰ ਕਰਦੇ ਹਾਂ ਪਰ ਉਹ ਵਿਗਿਆਨ ਹੀਣ ਤੇ ਤਰਕਹੀਣ ਪਿਆਰ ਹੁੰਦਾ। ਬੱਚੇ ਦੀ ਪਰਵਰਿਸ਼ ਠੀਕ ਢੰਗ ਨਾਲ਼ ਵਿਗਿਆਨਕ ਢੰਗ ਨਾਲ਼ ਕਰੋ। ਉਹਦੇ ਲਈ ਪੜ੍ਹੋ ਤਾਂ ਕਿ ਬੱਚਾ ਭਵਿੱਖ ਵਿੱਚ ਚੰਗਾ ਨਾਗਰਿਕ ਬਣੇ। ਵਧੀਆ ਜੀਵਨ ਜੀਵੇ ਤੇ ਇਹ ਸਭ ਕੁੱਝ ਇਹ ਲੋਕ ਉਦੋਂ ਸੋਚਦੇ ਸੀ। ਉਹਨਾਂ ਲੋਕਾਂ ਨੇ ਇਸ 'ਤੇ ਸੋਚਿਆ ਤੇ ਇਹਦੇ 'ਤੇ ਗੋਸ਼ਠੀਆਂ ਕੀਤੀਆਂ। ਉਹ ਕਿੰਨੇ ਸਿਆਣੇ ਲੋਕ ਸਨ। ਜਿਵੇਂ ਨਵਜਾਗਰਣ ਦਾ ਮੁੱਖ ਏਜੰਡਾ ਸੀ ਕਿ ਸਾਡੀਆਂ ਜ਼ਿੰਦਗੀਆਂ ਦੇ ਫੈਸਲੇ ਕੋਈ ਹੋਰ ਕਿਉਂ ਕਰਦਾ ? ਪੋਪ, ਇਹ ਕਿਉਂ ਕਰਦੇ ਨੇ ਸਾਡੀ ਜ਼ਿੰਦਗੀ ਦੇ ਫੈਸਲੇ ? ਮਤਲਬ ਆਪਾਂ ਹੋਰ ਦੁਨੀਆਂ ਬਾਰੇ ਕਿਉਂ ਸੋਚੀ ਜਾਂਦੇ ਹਾਂ ? ਆਪਾਂ ਇਸੇ ਦੁਨੀਆਂ ਨੂੰ ਵਧੀਆ ਬਣਾਈਏ। ਉਸ ਤੋਂ ਪਹਿਲਾਂ ਇਨਸਾਨ ਕੇਂਦਰ ਵਿੱਚ ਨਹੀਂ ਸੀ, ਦੇਵਤੇ ਸਨ। ਇਨਸਾਨ ਦੀ ਤਸਵੀਰ ਬਣਾਉਣਾ ਵੀ ਵਰਜਿਤ ਸੀ। ਉਸ ਸਮੇਂ ਦਾ ਇੱਕ ਪੇਂਟਰ ਤੇ ਵਿਗਿਆਨਕ ਹੋਇਆ ਲਿਓਨਾਰਡੋ ਦਾ ਵਿੰਚੀ। ਉਹਦੀ ਪੇਂਟਿੰਗ ਹੈ 'ਮੋਨਾ ਲਿਜ਼ਾ' ਜੋ ਸਾਰੇ ਸੰਸਾਰ ਵਿੱਚ ਜਾਣੀ ਜਾਂਦੀ ਹੈ। ਉਹ ਮਨੁੱਖੀ ਸ਼ਰੀਰ ਦਾ ਵੀ ਅਧਿਐਨ ਕਰਦਾ ਸੀ। ਉਸਦੀ ਮਨੁੱਖ ਦੀ ਪੂਰੀ ਅਨਾਟਮੀ ਦਿਖਾਉਂਦੀ ਹੋਈ ਤਸਵੀਰ ਹੈ। ਹੁਣ ਰਿਨੇਸਾਂ ਦੇ ਜਿਹੜੇ ਪੇਂਟਰ ਸਨ। ਇਹ ਮਨੁੱਖਾਂ ਦੀਆਂ ਨਗਨ ਤਸਵੀਰਾਂ ਬਣਾਉਂਦੇ ਸਨ, ਨਗਨ ਬੁੱਤ ਬਣਾਉਂਦੇ ਸਨ। ਉਦੋਂ ਨੰਗੇ ਮਨੁੱਖ ਦਾ ਚਿੱਤਰਨ ਕਰਨਾ ਵਿਦਰੋਹ ਸੀ ਕਿਉਂਕਿ ਰਾਜੇ ਬਣਾਉਣ ਨਹੀਂ ਸੀ ਦਿੰਦੇ। ਇਹ ਵਿਦਰੋਹ ਦਾ ਪ੍ਰਤੀਕ ਸਨ ਕਿ ਮਨੁੱਖ ਧਰਤੀ ਦਾ ਸਭ ਤੋਂ ਸੋਹਣਾ ਜੀਵ ਹੈ ਅਤੇ ਹੈ ਵੀ। ਮਾਇਕੋਵਸਕੀ ਨੇ ਇੱਕ ਕਵਿਤਾ ਵੀ ਲਿਖੀ ਹੈ ਇਸ 'ਤੇ 'ਇਨਸਾਨ ਥੇ ਹਰ ਚੀਜ਼ ਮੇਂ ਇਨਸਾਨ, ਨਹੀਂ ਕੋਈ ਦੂਜਾ ਇਨਕੇ ਸਮਾਨ'। ਇਨਸਾਨ ਦੇ ਬਰਾਬਰ ਕੋਈ ਨਹੀਂ ਹੈ। ਧਰਤੀ ਦਾ ਸਭ ਤੋਂ ਸੋਹਣਾ ਜੀਵ ਇਨਸਾਨ ਹੈ ਤੇ ਸਭ ਤੋਂ ਸਿਆਣਾ ਜੀਵ ਵੀ ਇਨਸਾਨ ਹੈ। ਸਿਆਣੇਪਣ ਦੇ ਨਾਲ਼-ਨਾਲ਼ ਕਮਲਪੁਣਾ ਵੀ ਹੈ ਤੇ ਕਮਲ਼ਪੁਣੇ ਤੋਂ ਜਿਨਾਂ ਕੋਈ ਮੁਕਤ ਹੋਵੇਗਾ ਉਨਾ ਵਧੇਰੇ ਸਿਆਣਾ ਹੋਵੇਗਾ। ਯੂਰਪ ਵਿੱਚ ਇਹ ਲਹਿਰ ਉਦੋਂ ਚੱਲੀ ਨਵਜਾਗਰਣ ਦੀ। ਨਵਜਾਗਰਣ ਦਾ ਮਤਲਬ ਸੀ ਅਤੀਤ ਦੀਆਂ ਚੀਜ਼ਾਂ ਨੂੰ ਮੁੜ ਪ੍ਰੋਡਿਊਸ ਕਰਨਾ। ਅਤੀਤ ਦੀਆਂ ਚੀਜ਼ਾਂ ਜੋ ਗਵਾਚ ਗਈਆਂ ਪਰ ਜੋ ਮਨੁੱਖ ਲਈ ਬਹੁਤ ਮਹੱਤਵਪੂਰਣ ਚੀਜ਼ਾਂ ਨੇ। ਉਹਨਾਂ ਨੂੰ ਲੱਭਕੇ ਮੁੜਕੇ ਮਨੁੱਖਤਾ ਦੀ ਸੇਵਾ ਵਿੱਚ ਲੈ ਕੇ ਆਉਣਾ। ਇਹ ਨਵਜਾਗਰਣ ਸੀ। ਨਵਜਾਗਰਣ 14ਵੀਂ ਸਦੀ ਤੋਂ ਸ਼ੁਰੂ ਹੁੰਦਾ ਤੇ 16ਵੀਂ ਸਦੀ ਵਿੱਚ ਦੂਜੀ ਲਹਿਰ ਚੱਲਦੀ ਹੈ। ਉਹ ਹੈ ਧਰਮ ਸੁਧਾਰ ਦੀ ਲਹਿਰ। ਇਹਦਾ ਕੇਂਦਰ ਜਰਮਨ ਸੀ। ਇਹਦਾ

ਸਮਾਂ ਸੀ 1517। ਮਾਰਟਿਨ ਲੂਥਰ ਕਿੰਗ ਨਾ ਦਾ ਪਾਦਰੀ ਸੀ। ਉਸ ਸਮੇਂ ਚਰਚ ਦੀ ਅਥਾਰਿਟੀ ਨੂੰ ਕੋਈ ਚੁਣੌਤੀ ਨਹੀਂ ਸੀ ਦੇ ਸਕਦਾ। ਉਹ ਕਹਿੰਦੇ ਸਨ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਹੈ ਤੇ ਸੂਰਜ ਇਹਦੇ ਦੁਆਲ਼ੇ ਘੁੰਮਦਾ ਹੈ ਤੇ ਤੁਸੀਂ ਇਸ ਨੂੰ ਅੱਖਾਂ ਬੰਦ ਕਰਕੇ ਮੰਨ ਲਓ। ਇਸ ’ਤੇ ਕੋਈ ਕਿੰਤੂ-ਪ੍ਰੰਤੂ ਨਾ ਕਰੋ। ਜਿਹੜੇ ਪਾਦਰੀ ਸੀ ਉਹ ਭ੍ਰਿਸ਼ਟ ਸਨ। ਲੋਕਾਂ ਦੀ ਮਿਹਨਤ ’ਤੇ ਪਲ਼ਦੇ ਸੀ। ਅਤੇ ਧਰਮ ਬਹੁਤ ਮਹਿੰਗਾ ਸੀ। ਧਾਰਮਿਕ ਰਸਮਾਂ-ਰਿਵਾਜਾਂ ਦੀ ਫੀਸ ਬਹੁਤ ਜ਼ਿਆਦਾ ਵਸੂਲੀ ਜਾਂਦੀ ਸੀ। ਮਾਰਟਿਨ ਲੂਥਰ ਦਾ ਕਹਿਣਾ ਸੀ ਕਿ ਧਰਮ ਲੋਕਾਂ ਲਈ ਸਸਤੇ ਹੋਣੇ ਚਾਹੀਦੇ ਹਨ ਤੇ ਇਸ ਵਿੱਚ ਸੁਧਾਰ ਹੋਣੇ ਚਾਹੀਦੇ ਹਨ। ਅਤੇ ਇਸ ’ਤੇ ਉਸ ਨੇ ਇੱਕ 95ਵੇਂ ਸੂਤਰੀ ਥੀਸਸ ਲਿਖ ਕੇ ਚਰਚ ’ਤੇ ਟੰਗ ਦਿੱਤਾ ਅਤੇ ਲੋਕਾਂ ਦੀ ਉਸ ਨੂੰ ਬਹੁਤ ਹਿਮਾਇਤ ਮਿਲ਼ੀ। ਉਥੋਂ ਇਸਾਈਅਤ ਵਿੱਚ ਇੱਕ ਨਵੇਂ ਧਰਮ ਦੀ ਸ਼ੁਰੂਆਤ ਹੁੰਦੀ ਹੈ, ਉਹ ਸੀ ਪ੍ਰੋਟੈਸਟੈਂਟ ਧਰਮ ਜੋ ਕਿ ਮਾਰਟਿਨ ਲੂਥਰ ਕਿੰਗ ਨੇ ਚਲਾਇਆ। ਇਸਦਾ ਵਾਰਸ ਸੀ ਕਾਲਵਿਨ ਤੇ ਤੀਸਰਾ ਸੀ ਮੁੰਜਰ। ਮੁੰਜਰ ਵਿਦਰੋਹੀ ਸੀ, ਉਹ ਕਿਸਾਨ ਸੀ ਤੇ ਮੁੰਜਰ ਨੇ ਛੋਟੀ ਉਮਰ ਵਿੱਚ ਹੀ 30-35 ਹਜ਼ਾਰ ਕਿਸਾਨਾਂ ਦੇ ਵਿਦਰੋਹ ਨੂੰ ਜੱਥੇਬੰਦ ਕੀਤਾ। ਜਿਸ ’ਤੇ ਏਂਗਲਜ਼ ਨੇ ਕਿਤਾਬ ਵੀ ਲਿਖੀ ਹੈ ‘ਜਰਮਨੀ ਵਿੱਚ ਕਿਸਾਨੀ ਦੀ ਜੰਗ’। ਇਹ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਜੋ ਭਗਤੀ ਲਹਿਰ ਸੀ ਉਸ ਨਾਲ਼ ਮਿਲ਼ਦਾ ਜੁਲ਼ਦਾ ਹੈ ਕਾਫ਼ੀ ਹੱਦ ਤੱਕ। ਸਾਡੇ ਵੀ ਉਦੋ ਧਰਮ ਬਹੁਤ ਮਹਿੰਗਾ ਹੋ ਗਿਆ ਸੀ। ਕਰਮਕਾਂਡ, ਅੰਧ-ਵਿਸ਼ਵਾਸ, ਜਾਤ-ਪਾਤ ਉਹਦੇ ਖਿਲਾਫ਼ ਭਗਤੀ ਅੰਦੋਲਨ ਨੇ ਅਵਾਜ਼ ਉਠਾਈ ਸੀ। ਭਗਤੀ ਲਹਿਰ ਵੀ ਧਰਮ ਸੁਧਾਰ ਲਹਿਰ ਸੀ ਤੇ ਦੇਖੋ ਇਹ ਸਮਕਾਲੀ ਸਨ ਲਗਭਗ। ਜਦ ਯੂਰਪ ਵਿੱਚ ਇਹ ਚੀਜ਼ਾਂ ਹੋ ਰਹੀਆਂ ਸਨ। ਉਦੋਂ ਹੀ ਸਾਡੇ ਇਹ ਚੀਜ਼ਾਂ ਹੋ ਰਹੀਆਂ ਸਨ। ਯੂਰਪ ਵਿੱਚ ਧਰਮ ਸੁਧਾਰ ਲਹਿਰ ਨੇ ਲੋਕਾਂ ਉੱਪਰ ਜੋ ਇਸਾਇਅਤ ਦਾ ਗ਼ਲਬਾ ਸੀ ਉਸਨੂੰ ਬਹੁਤ ਹੱਦ ਤੱਕ ਤੋੜਿਆ। ਤੇ ਫਿਰ ਅੱਗੇ ਇੱਕ ਬਹੁਤ ਵੱਡੀ ਲਹਿਰ ਉਠਦੀ ਹੈ। ਉਹ ਸੀ ਗਿਆਨ ਪ੍ਰਸਾਰ ਦੀ ਲਹਿਰ ਤੇ ਇਹਦੀ ਧਰਤੀ ਸੀ ਫ਼ਰਾਂਸ ਜਿੱਥੋਂ ਇਹ ਸ਼ੁਰੂ ਹੋਈ। ਦੂਜਾ ਇਹਦਾ ਕੇਂਦਰ ਸੀ ਅਮਰੀਕਾ ਜਿਸ ਵਿੱਚ ਟਾਮਸ ਪੇਨ ਤੇ ਜੈਫ਼ਰਸਨ ਸਨ। ਜਿਨ੍ਹਾਂ ਨੇ ਫ਼ਰਾਂਸ ਵਿੱਚ ਇਹ ਲਹਿਰ ਚਲਾਈ ਉਹ ਸਨ ਰੂਸੋ, ਵਾਲਤੇਅਰ ਤੇ ਦਿਦੇਰੋ, ਮਾਂਤਿਸਕਿਊ ਤੇ ਅਜਿਹੇ ਹੀ ਕਈ ਹੋਰ ਨਾਮ ਆਉਂਦੇ ਹਨ। ਉਸ ਸਮੇਂ ਜੋ ਸਾਰਾ ਸਿਸਟਮ ਸੀ ਉਹ ਸੀ ਜਗੀਰੂ। ਰਾਜੇ ਰਾਜ ਕਰਦੇ ਸੀ। ਉਹ ਕਹਿੰਦੇ ਸਨ ਕਿ ਸਾਨੂੰ ਰੱਬ ਨੇ ਭੇਜਿਆ ਤੁਹਾਡੇ ’ਤੇ ਹਕੂਮਤ ਕਰਨ ਲਈ। ਸਾਡੇ ਤੋਂ ਬਾਅਦ ਸਾਡਾ ਪੁੱਤ ਤੁਹਾਡੇ ’ਤੇ ਹਕੂਮਤ ਕਰੇਗਾ। ਮਨੁੱਖ ਦੇ ਜੀਵਨ ਦਾ ਸਭ ਕੁੱਝ ਰਾਜੇ ਤੈਅ ਕਰਦੇ ਸਨ। ਜਿਵੇਂ ਸਾਡੇ ਸਰਸੇ ਵਿੱਚ ਨਾਮਧਾਰੀਆਂ ਦੀ ਹਕੂਮਤ ਸੀ ਤੇ ਇਹ ਤਾਂ ਹੁਣੇ ਕੁੱਝ ਚਿਰ ਪਹਿਲਾਂ ਹੀ ਖ਼ਤਮ ਹੋਈ ਸੱਤਰਵਿਆਂ ਵਿੱਚ। ਮੁੰਡਿਆਂ-ਕੁੜੀਆਂ ਦੇ ਵਿਆਹ ਉਹ ਤੈਅ ਕਰਦੇ ਸਨ। ਕਿਸੇ ਮਾਤਾ-ਪਿਤਾ ਨੇ ਆਪਣੇ ਆਪਣੇ ਮੁੰਡੇ ਲਈ ਕੁੜੀ ਮੰਗੀ ਆ ਤਾਂ ਉਹ ਜੋੜੇ ਤੱਕ ਬੈਠੇ-ਬੈਠੇ ਬਦਲ ਦਿੰਦੇ ਸਨ। ਯਾਨੀ ਮਨੁੱਖ ਦੇ ਜੀਵਨ ਦੇ ਸਭ ਫ਼ੈਸਲਿਆਂ

’ਤੇ ਨਿਰੰਕੁਸ਼ ਹਕੂਮਤ ਸੀ ਰਾਜੇ-ਰਜਵਾੜਿਆਂ ਦੀ, ਧਾਰਮਿਕ ਗੁਰੂਆਂ ਦੀ, ਪਾਦਰੀਆਂ ਦੀ। ਗਿਆਨ ਪ੍ਰਸਾਰ ਲਹਿਰ ਦੇ ਆਗੂਆਂ ਨੇ ਦੋ ਚੀਜ਼ਾਂ ’ਤੇ ਜ਼ੋਰ ਦਿੱਤਾ। ਇੱਕ ਨੂੰ ਕਹਿੰਦੇ ਨੇ ‘ਰਿਜ਼ਨ’ ਪੰਜਾਬੀ ਵਿੱਚ ਇਸ ਨੂੰ ਤਰਕਸ਼ੀਲਤਾ ਕਹਿੰਦੇ ਨੇ ਜੋ ਕਿ ਇਸਦਾ ਠੀਕ ਸ਼ਬਦ ਨਹੀਂ। ਤਰਕਸ਼ੀਲਤਾ ਰੈਸ਼ਨੈਲਿਟੀ ਦੀ ਪੰਜਾਬੀ ਹੈ। ਕਹਿਣ ਦਾ ਮਤਲਬ ਕਿ ਉਹਨਾਂ ਤਰਕ ’ਤੇ ਜ਼ੋਰ ਦਿੱਤਾ ਕਿ ਤਰਕ ਕਰੋ। ਤਰਕ ਕੀ, ਕਿਉਂ, ਕਿਵੇਂ ਯਾਨੀ ਕਿੰਤੂ ਪ੍ਰੰਤੂ ਕਰਨਾ ਸਿੱਖੋ। ਐਵੇਂ ਹੀ ਕਿਸੇ ’ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਾ ਕਰੋ।

ਦੂਜਾ, ਗਿਆਨ ਪ੍ਰਸਾਰਕਾਂ ਦਾ ਜਮਹੂਰੀਅਤ ’ਤੇ ਜ਼ੋਰ ਸੀ। ਯਾਨੀ ਕੋਈ ਵੀ ਮਨੁੱਖ ਹੋਵੇ ਉਹਨੂੰ ਆਪਣੇ ਜੀਵਨ ਦੇ ਸਾਰੇ ਫੈਸਲੇ ਲੈਣ ਦਾ ਅਧਿਕਾਰ ਹੋਣਾ ਚਾਹੀਦਾ। ਇਹਦੇ ’ਤੇ ਉਹਨਾਂ ਦਾਰਸ਼ਨਿਕਾਂ ਦਾ ਬਹੁਤ ਜ਼ੋਰ ਸੀ। ਇਹਦਾ ਜੋ ਟਾਈਮ ਸਪੈਨ ਸੀ ਉਸ ਬਾਰੇ ਕੁੱਝ ਇਤਿਹਾਸਕਾਰ ਤਾਂ ਕਹਿੰਦੇ ਨੇ 1650 ਤੋਂ 1750 ਸੀ ਅਤੇ ਕੁੱਝ ਇਤਿਹਾਸਕਾਰ ਕਹਿੰਦੇ ਨੇ ਕਿ 1700 ਤੋਂ 1750 ਤੱਕ ਸੀ ਯਾਨੀ ਪੰਜਾਹ ਕੁ ਸਾਲ ਇਹ ਲਹਿਰ ਫ਼ਰਾਂਸ ਵਿੱਚ ਚੱਲੀ। ਜਿਸਨੇ ਫ਼ਰਾਂਸੀਸੀ ਮਨੁੱਖ ਨੂੰ ਜਾਂ ਅੱਜ ਦੇਖਿਆ ਜਾਵੇ ਕਿ ਯੂਰਪੀ ਮਨੁੱਖ ਨੂੰ ਇੱਕ ਨਵਾਂ ਮਨੁੱਖ ਬਣਾ ਦਿੱਤਾ।

ਯੂਰਪ ਦੇ ਮਨੁੱਖ ਕਿਸੇ ਨੂੰ ਘੂਰਦੇ ਨਹੀਂ। ਪਰ ਆਪਣੇ ਇੱਥੇ ਕਹਿੰਦੇ ਨੇ ਘੂਰਨ ’ਚ ਕੀ ਮਾੜੀ ਗੱਲ ਹੈ ? ਤੁਸੀਂ ਪਿੰਡ ’ਚੋਂ ਲੰਘੋ ਚਾਰ ਬੰਦੇ ਖੜ੍ਹਕੇ ਤੁਹਾਨੂੰ ਘੂਰੀ ਜਾਣਗੇ, ਝਾਕੀ ਜਾਣਗੇ ਜੇ ਕਿਤੇ ਕੁੜੀ ਜਾਂ ਕੋਈ ਔਰਤ ਹੈ ਤਾਂ ਹੋਰ ਬੁਰਾ ਹਾਲ ਹੈ। ਸਕੂਟਰ ’ਤੇ ਜਾਂਦਾ ਕੋਈ ਤਾਂ ਉਹ ਝਾਕੀ ਜਾਊਗਾ ਭਾਵੇਂ ਅੱਗੇ ਟਕਰਾ ਜਾਵੇ ਅਤੇ ਜਦੋਂ ਉਹ ਲੰਘ ਗਈ ਤਾਂ ਫਿਰ ਉਹਦੇ ਬਾਰੇ ਗੰਦੀਆਂ-ਗੰਦੀਆਂ ਗੱਲਾਂ ਹੋਣਗੀਆਂ। ਮਨੁੱਖ ਦੀ ਗਰਿਮਾ ਤੋਂ ਗਿਰੀਆਂ ਹੋਈਆਂ ਭਿਅੰਕਰ ਗੱਲਾਂ, ਗ਼ੈਰ-ਇਨਸਾਨੀ ਗੱਲਾਂ। ਜਿਹਨਾਂ ਗੱਲਾਂ ਨੂੰ ਨਫ਼ਰਤ ਕੀਤੀ ਜਾਣੀ ਚਾਹੀਦੀ ਹੈ। ਮੈਂ ਇੱਕ ਨਾਵਲ ਪੜ੍ਹਿਆ ਸੀ ਜੋ ਕਿ 1860ਵਿਆਂ ਵਿੱਚ ਰੂਸ ਵਿੱਚ ਲਿਖਿਆ ਗਿਆ ਸੀ। ਉਹਦਾ ਨਾਮ ਹੈ ‘ਕਿਆ ਕਰੇਂ ?’ ਉਸ ਵਿੱਚ ਕੁੜੀ ਮੁੰਡੇ ਦਾ ਵਿਆਹ ਹੁੰਦਾ ਹੈ ਤੇ ਉਹ ਦੋਵੇਂ ਆਪਸ ਵਿੱਚ ਤੈਅ ਕਰਦੇ ਨੇ ਕਿ ਆਪਾਂ ਇੱਕ ਦੂਜੇ ਨੂੰ ਇੱਕ ਹੀ ਵਾਰ ਕੋਈ ਗੱਲ ਪੁੱਛਾਂਗੇ ਜੇ ਉਹ ਕੋਈ ਜਵਾਬ ਦੇਣਾ ਚਾਹੇਗਾ ਤਾਂ ਜਵਾਬ ਦੇਵੇਗਾ ਨਹੀਂ ਤਾਂ ਆਪਾਂ ਦੂਜੀ ਵਾਰ ਨਹੀਂ ਪੁੱਛਾਂਗੇ। ਯਾਨੀ ਕੁਰੇਦ-ਕੁਰੇਦ ਕੇ ਨਹੀਂ ਪੁੱਛਾਂਗੇ। ਹੁਣ ਕਿਸੇ ਨੂੰ ਕੁਰੇਦਣਾ ਕਿਨਾਂ ਗ਼ੈਰ-ਜਮਹੂਰੀ ਹੁੰਦਾ ਹੈ ਕਿ ਕਹੀ ਜਾਣਾ, “ਯਾਰ ਦੱਸਦੇ, ਯਾਰ ਦੱਸਦੇ ਜ਼ਰਾ”।

ਫਿਰ ਆਪਾਂ ਉੱਥੇ ਹੀ ਆਉਂਦੇ ਹਾਂ। ਗਿਆਨ ਪ੍ਰਸਾਰ ਨੂੰ ਇਟੈਲਿਅਨ ਵਿੱਚ ਕਹਿੰਦੇ ਨੇ ਲਿਊਮੀਨੇਅਰ ਮਤਲਬ ਕਿ ਚਮਕਣਾ ਜਾਂ ਚਮਕਾਉਣਾ ਕਿਸੇ ਚੀਜ਼ ਨੂੰ। ਆਪਾਂ ਇਹਨੂੰ ਕਹਿੰਦੇ ਹਾਂ ਗਿਆਨ ਪ੍ਰਸਾਰ ਮਤਲਬ ਤਰਕ ਕਰਨਾ ਸਿੱਖਾਉਣਾ, ਤਰਕਸ਼ੀਲਤਾ ਸਿਖਾਉਣੀ। ਦੂਜਾ ਜਮਹੂਰੀਅਤ ਸਿੱਖਾਉਣੀ। ਮਨੁੱਖੀ ਰਿਸ਼ਤਿਆਂ ਵਿੱਚ ਜਮਹੂਰੀਅਤ। ਉਹਨਾਂ ਦਾ

ਕਹਿਣਾ ਸੀ ਕਿ ਜਿਵੇਂ ਰੌਸ਼ਨੀ ਕਿਸੇ ਚੀਜ਼ 'ਤੇ ਪੈਂਦੀ ਹੈ ਤਾਂ ਉਹ ਚਮਕਣ ਲੱਗ ਪੈਂਦੀ ਹੈ। ਇਵੇਂ ਹੀ ਮਨੁੱਖਾਂ ਦੇ ਦਿਮਾਗਾਂ ਨੂੰ ਗਿਆਨ ਨਾਲ਼ ਰੁਸ਼ਨਾਓ! ਇਨਾਂ ਗਿਆਨ ਸੁੱਟੋ ਲੋਕਾਂ ਵਿੱਚ ਕਿ ਲੋਕਾਂ ਦੇ ਦਿਮਾਗ ਰੌਸ਼ਨ ਕਰ ਦੇਵੋ। ਇਸ ਲਹਿਰ ਕੁੱਝ ਇੱਕ ਵਿਅਕਤੀ ਨਹੀਂ, ਪੂਰਾ ਇੱਕ ਸਮਾਜ ਇਸ ਵਿੱਚ ਸ਼ਾਮਲ ਸੀ। ਇਹ ਇੱਕ ਬਹੁਤ ਵੱਡੀ ਲਹਿਰ ਸੀ ਜੋ ਮੁੱਠੀ ਭਰ ਲੋਕਾਂ ਨੇ ਸ਼ੁਰੂ ਕੀਤੀ ਪਰ ਮੁੜਕੇ ਸਮਾਜ ਵਿੱਚ ਉਸ ਚੀਜ਼ ਨੇ ਆਪਣੀ ਜੜ੍ਹ ਫੜੀ। ਅਜਿਹੀ ਇੱਕ ਉਦਾਹਰਣ ਬੰਗਾਲ ਤੋਂ ਮਿਲਦੀ ਹੈ। ਬੰਗਾਲ ਵਿੱਚ ਪਿਛਲੀ ਸਦੀ ਦੇ ਸ਼ੁਰੂ ਵਿੱਚ ਕੁੱਝ ਸਮਾਜ ਸੁਧਾਰਕ ਹੋਏ। ਰਾਜਾ ਰਾਮ ਮੋਹਨ ਰਾਏ ਦਾ ਨਾਮ ਤਾਂ ਤੁਸੀਂ ਸਾਰਿਆਂ ਨੇ ਸੁਣਿਆ ਹੀ ਹੋਣਾ ਹੈ। ਉਦੋਂ ਇੱਕ ਵਿਅਕਤੀ ਸੀ ਦਿਰੋਜ਼ੀਓ। ਦਿਰੋਜ਼ੀਓ ਜਾਣਦਾ ਸੀ ਕਿ ਫ਼ਰਾਂਸ ਵਿੱਚ ਕੀ ਕੀ ਹੋਇਆ ? ...**ਕਿ ਕਿਵੇਂ** ਉੱਥੇ ਗਿਆਨ ਪ੍ਰਸਾਰ ਦੀ ਲਹਿਰ ਚੱਲੀ ? ਉਹ ਕਲਕੱਤੇ ਦੇ ਕਾਲਜ ਵਿੱਚ ਲੈਕਚਰਾਰ ਸੀ। ਉਹਨੇ ਵੇਲੇ ਦੇ ਸਮਾਜ ਸੁਧਾਰਕਾਂ ਅੱਗੇ ਇਹ ਪ੍ਰਸਤਾਵ ਰੱਖਿਆ ਕਿ ਸਾਨੂੰ ਦੁਨੀਆਂ ਦਾ ਬਿਹਤਰੀਨ ਸਾਹਿਤ ਬੰਗਲਾ ਭਾਸ਼ਾ ਵਿੱਚ ਅਨੁਵਾਦ ਕਰਕੇ ਆਮ ਲੋਕਾਂ ਵਿੱਚ ਲੈ ਕੇ ਜਾਣਾ ਚਾਹੀਦਾ ਹੈ ਤੇ ਬਾਕੀ ਸਾਰਿਆਂ ਨੇ ਉਹਦਾ ਮਜ਼ਾਕ ਉਡਾਇਆ ਕਿ ਇਹ ਫ਼ਾਲਤੂ ਦਾ ਕੰਮ ਹੈ। ਪਰ ਉਹ ਇਕੱਲਾ ਬੰਦਾ ਹੀ ਉੱਥੇ ਡਟਿਆ ਰਿਹਾ ਤੇ ਉਹਨੇ ਇਸ ਕੰਮ ਦੀ ਸ਼ੁਰੂਆਤ ਕੀਤੀ ਤੇ ਅੱਜ ਤੁਸੀਂ ਬੰਗਾਲ ਦੇਖੋ ਉਹ ਬਿਲਕੁਲ ਹੀ ਅਲੱਗ ਹੈ। ਜਿਵੇਂ ਆਪਾਂ ਘੂਰਨਾ ਕਹਿੰਦੇ ਹਾਂ। ਇਹ ਸ਼ੁਰੂ ਕਿੱਥੋਂ ਹੁੰਦਾ ਹੈ ? ਪੰਜਾਬ ਤੋਂ ! ਤੇ ਖ਼ਤਮ ਕਿੱਥੇ ਹੁੰਦਾ ? ਬਿਹਾਰ 'ਤੇ ! ਕਿਉਂਕਿ ਉਸ ਤੋਂ ਅੱਗੇ ਬੰਗਾਲ ਸ਼ੁਰੂ ਹੋ ਜਾਂਦਾ ਹੈ। ਕਿਉਂਕਿ ਬੰਗਾਲੀ ਲੋਕ ਨਹੀਂ ਇੰਝ ਘੂਰਦੇ। ਜਿਵੇਂ ਔਰਤਾਂ ਨੂੰ ਛੇੜਨਾ, ਘੂਰਨਾ, ਬੱਸਾਂ 'ਚ ਤੰਗ ਕਰਨਾ, ਉਹ ਸਾਰਾ ਇਹਨਾਂ ਹੀ ਪ੍ਰਦੇਸ਼ਾਂ ਵਿੱਚ ਹੀ ਹੈ। ਪੰਜਾਬ, ਹਰਿਆਣਾ, ਬਿਹਾਰ, ਉੱਤਰ ਪ੍ਰਦੇਸ਼, ਇਹ ਸਾਰਾ ਮੱਧ ਭਾਰਤ। ਬੰਗਾਲੀ ਲੋਕ ਨਹੀਂ ਇਸ ਤਰ੍ਹਾਂ ਕਰਦੇ। ਬੰਗਾਲੀ ਲੋਕਾਂ ਦੇ ਪਰਿਵਾਰਾਂ ਵਿੱਚ ਬਹੁਤ ਜਮਹੂਰੀਅਤ ਹੈ ਤੇ ਇਹ ਸਭ ਉਸ ਲਹਿਰ ਨੇ ਬਦਲਿਆ। ਬੰਗਾਲ ਵਿੱਚ ਦੁਰਗਾ ਪੂਜਾ ਹੁੰਦੀ ਹੈ। ਹਰ ਸਾਲ ਅਕਤੂਬਰ ਵਿੱਚ ਦੁਰਗਾ ਪੂਜਾ ਦਾ ਤਿਓਹਾਰ ਹੁੰਦਾ ਹੈ। ਦੁਰਗਾ ਪੂਜਾ ਦੇ ਤਿਓਹਾਰ ਵਿੱਚ ਪਟਾਕੇ ਨਹੀਂ ਚਲਾਏ ਜਾਂਦੇ ਆਪਣੇ ਵਾਂਗ, ਸਗੋਂ ਕਿਤਾਬਾਂ ਖਰੀਦੀਆਂ ਜਾਂਦੀਆਂ ਹਨ ਅਤੇ ਇਕੱਲਾ-ਇਕੱਲਾ ਪਰਿਵਾਰ ਬੰਡਲਾਂ ਦੇ ਬੰਡਲ ਹੀ ਕਿਤਾਬਾਂ ਲੈ ਕੇ ਜਾਂਦਾ ਹੈ ਤੇ ਉਹ ਕਿਤਾਬਾਂ ਬੱਚਿਆਂ ਵਾਸਤੇ ਹੁੰਦੀਆਂ ਹਨ ! ਇਹ ਬੰਗਾਲੀ ਸਮਾਜ ਹੈ। ਬੰਗਾਲੀ ਸਮਾਜ ਕਲਾ ਨੂੰ ਪਿਆਰ ਕਰਦਾ ਸਮਾਜ ਹੈ। ਉੱਥੇ ਹਰ ਘਰ ਦੇ ਵਿੱਚ ਬੱਚੇ ਨੂੰ ਕੋਈ ਨਾ ਕੋਈ ਸੰਗੀਤਕ ਸਾਜ ਵਜਾਉਣਾ ਜ਼ਰੂਰ ਸਿੱਖਾਇਆ ਜਾਂਦਾ। ਅਤੇ ਬੰਗਾਲੀ ਸਮਾਜ ਘੁੰਮਣ ਫਿਰਨ ਵਾਲ਼ਾ ਸਮਾਜ ਹੈ ਬਹੁਤ ਘੁੰਮਦੇ-ਫਿਰਦੇ ਨੇ ਉਹ ਲੋਕ। ਉੱਥੋਂ ਦਾ ਬੱਚਾ ਬਾਰ੍ਹਾਂ-ਤੇਰ੍ਹਾਂ ਸਾਲ ਦੀ ਉਮਰ ਵਿੱਚ ਅੱਧੇ ਤੋਂ ਵੱਧ ਹਿੰਦੋਸਤਾਨ ਦੇਖ ਲੈਂਦਾ ਹੈ। ਬੰਗਾਲੀ ਬੰਦਾ ਸਾਰਾ ਸਾਲ ਥੋੜ੍ਹੇ-ਥੋੜ੍ਹੇ ਪੈਸੇ ਜੋੜਦਾ ਤੇ ਫਿਰ ਆਪਣੇ ਬੱਚਿਆਂ ਨੂੰ ਪਰਿਵਾਰ ਸਮੇਤ ਘੁੰਮਾਕੇ ਲੈ ਕੇ ਆਉਂਦਾ ਤੇ ਫਿਰ ਉਹ ਸਸਤੀਆਂ ਥਾਵਾਂ 'ਤੇ ਰਹਿੰਦੇ ਨੇ, ਖਾਣਾ ਘੱਟ ਖਾਂਦੇ

ਨੇ, ਪਰ ਕੁਦਰਤ ਨੂੰ ਵੇਖਦੇ ਨੇ। ਉਹ ਬੈਠਕੇ ਸ਼ਾਂਤੀ ਨਾਲ਼ ਬਨਸਪਤੀਆਂ ਨੂੰ ਦੇਖਦੇ ਨੇ, ਪੰਛੀਆਂ ਦੀ ਚਹਿਕ ਸੁਣਦੇ ਨੇ, ਉਹ ਕੁਦਰਤ ਨੂੰ ਪਿਆਰ ਕਰਨ ਵਾਲ਼ੇ ਮਨੁੱਖ ਨੇ। ਕਿਹਾ ਜਾਵੇ ਤਾਂ ਇੱਕ ਵਿਅਕਤੀ ਦਿਰੋਜ਼ੀਓ ਨੇ ਇਸ ਚੀਜ਼ ਨੂੰ ਸਮਝਿਆ ਤੇ ਮੁੜਕੇ ਉਸ ਚੀਜ਼ ਨੇ ਜੜ੍ਹ ਫੜੀ ਤੇ ਉਹ ਇੱਕ ਲਹਿਰ ਬਣੀ ਤੇ ਅੱਜ ਬੰਗਾਲੀ ਲੋਕ ਇਹ ਮਾਣ ਕਰਦੇ ਨੇ ਕਿ ਸੰਸਾਰ ਦੀ ਕੋਈ ਵੀ ਕਿਤਾਬ ਛੇ ਮਹੀਨਿਆਂ ਦੇ ਅੰਦਰ-ਅੰਦਰ ਸਾਡੀ ਭਾਸ਼ਾ ਵਿੱਚ ਛਪ ਜਾਂਦੀ ਹੈ। ਤੇ ਸਾਡਾ ਪੰਜਾਬ ਇਸ ਮਾਮਲੇ 'ਚ ਕਿੱਥੇ ਖੜ੍ਹਾ ਹੈ। ਵੇਖਿਆ ਜਾਵੇ ਤਾਂ ਸਭ ਤੋਂ ਵੱਧ ਪੈਸਾ ਪੰਜਾਬ 'ਚ ਹੈ। ਹਿੰਦੋਸਤਾਨ ਵਿੱਚ ਸਭ ਤੋਂ ਵੱਧ ਸ਼ਰਾਬ ਪੰਜਾਬ ਵਿੱਚ ਪੀਤੀ ਜਾਂਦੀ ਹੈ। ਕਿਤਾਬ ਨਹੀਂ ਕੋਈ ਖ਼ਰੀਦਦਾ ਪਰ ਦਾਰੂ ਦੀ ਬੋਤਲ ਖ਼ਰੀਦਦਾ ਹੈ। ਤੇ ਕਿਤਾਬਾਂ ਦੇ ਅਨੁਵਾਦ ਦੀ ਹਾਲਤ ਇਹ ਹੈ ਕਿ ਮਾਰਕਸ ਦੀ ਪੂੰਜੀ ਜੋ ਕਿ ਜਿਵੇਂ ਕਹਿੰਦੇ ਕਿ ਪੰਜਾਬ ਦੇ ਕਾਮਰੇਡਾਂ ਨੂੰ ਸਮਝ ਨਹੀਂ ਆਈ। ਸਮਝ ਵੀ ਕਿਵੇਂ ਆਵੇਂ ਉਹ ਅੰਗ੍ਰੇਜ਼ੀ ਵਿੱਚ ਸੀ ਤੇ ਅੰਗ੍ਰੇਜ਼ੀ ਕਿਸੇ ਨੂੰ ਪੜ੍ਹਨੀ ਨਹੀਂ ਆਉਂਦੀ ਤੇ ਜਿਹੜਾ ਪੜ੍ਹ ਲੈਂਦਾ ਹੈ ਉਹ ਕਿਸੇ ਨੂੰ ਦੱਸਦਾ ਨਹੀਂ, ਗਿਆਨ 'ਤੇ ਕਬਜ਼ਾ ਮਾਰਕੇ ਬਹਿ ਜਾਂਦਾ ਹੈ। ਮਤਲਬ ਕੈਪੀਟਲ ਸੌ ਸਾਲਾਂ ਬਾਅਦ ਅਨੁਵਾਦ ਹੋਈ ਪੰਜਾਬੀ ਵਿੱਚ ਤੇ ਅੱਜ ਵੀ ਮਾਰਕਸ ਏਂਗਲਜ਼ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਲਿਖਤਾਂ ਪੰਜਾਬੀ ਵਿੱਚ ਨਹੀਂ ਮਿਲਦੀਆਂ। ਜਰਮਨ ਆਇਡਿਓਲੋਜੀ, ਡਾਇਲੈਕਟਿਕ ਆਫ਼ ਨੇਚਰ, ਐਂਟੀ ਡਿਹੂਇਰਿੰਗ, ਮਟੀਰੀਲਿਜ਼ਮ ਐਂਡ ਇੰਮਪੀਰੀਓ ਕਰੀਟਿਸਿਜ਼ਮ ਪੰਜਾਬੀ ਵਿੱਚ ਨਹੀਂ ਹਨ ਤੇ ਅਜਿਹੀਆਂ ਦਰਜਣਾਂ ਦੇ ਨਾਮ ਮੈਂ ਗਿਣਾ ਸਕਦਾਂ ਹਾਂ ਜਿਹੜੀਆਂ ਆਪਣੀ ਪੰਜਾਬੀ ਵਿੱਚ ਹੈ ਹੀ ਨਹੀਂ। ਤੇ ਫਰਾਂਸੀਸੀ ਸਾਹਿਤ ਦੁਨੀਆਂ ਦੇ ਸਭ ਤੋਂ ਬਿਹਤਰੀਨ ਸਾਹਿਤ 'ਚੋਂ ਇੱਕ। ਰੂਸੀ ਸਾਹਿਤ ਲੋਕਾਂ ਨੂੰ ਮਰ ਮਿਟਣ ਦੀ ਇੱਕ ਸਪਿਰਿਟ ਦਿੰਦਾ ਹੈ। ਨਿਕੋਲਾਈ ਓਸਤਰੋਵਸਕੀ ਪੜ੍ਹੋ, 'ਕਬਹੂੰ ਨਾ ਛਾਡੇ ਖੇਤੁ' ਕਿ ਬੰਦਾ ਕੁੱਝ ਵੀ ਕਰ ਗੁਜਰਦਾ ਹੈ ਅਤੇ ਫ਼ਰਾਂਸੀਸੀ ਸਾਹਿਤ ਬੰਦੇ ਨੂੰ ਦਾਰਸ਼ਨਿਕ ਬਣਾਉਂਦਾ, ਉਸ ਨੂੰ ਸੋਚਣ ਲਾਉਂਦਾ, ਉਹਦੇ ਵਿਅਕਤੀਤਵ ਨੂੰ ਗਹਿਰਾ ਬਣਾਉਂਦਾ ਹੈ ਤੇ ਫ਼ਰਾਂਸੀਸੀ ਸਾਹਿਤ ਇੱਥੇ ਹੈ ਹੀ ਨਹੀਂ। ਕੁਝ ਭਾਸ਼ਾ ਵਿਭਾਗ ਨੇ ਛਾਪਿਆ ਸੀ ਤੇ ਛਾਪਕੇ ਗੋਦਾਮਾਂ ਵਿੱਚ ਭਰ ਲਿਆ ਤੇ ਅੱਜ ਕੋਈ ਨਹੀਂ ਜਾਣਦਾ ਕਿ ਭਾਸ਼ਾ ਵਿਭਾਗ ਨੇ ਕੁੱਝ ਵਧੀਆ ਕਿਤਾਬਾਂ ਛਾਪੀਆਂ ਸਨ। ਜ਼ੋਲਾ ਦੀ ਕਿਤਾਬ ਉਹਨਾਂ ਨੇ ਛਾਪੀ ਸੀ ਜਰਮੀਨਲ ਅਤੇ ਡਿਕਨਜ਼ ਦੀਆਂ ਵੀ ਕੁਝ ਕਿਤਾਬਾਂ ਛਾਪੀਆਂ ਹਨ। ਉਹਨਾਂ ਦੇ ਅਨੁਵਾਦਾਂ ਬਾਰੇ ਅਸੀਂ ਨਹੀਂ ਕਹਿ ਸਕਦੇ ਕਿ ਕਿਹੋ ਜਿਹੇ ਹੋਣਗੇ ਪਰ ਗੱਲ ਕਹਿਣ ਦਾ ਮਤਲਬ ਕਿ ਕੁੱਲ ਦਾ ਬਹੁਤ ਥੋੜ੍ਹਾ ਆਪਣੀ ਭਾਸ਼ਾ ਵਿੱਚ ਆਇਆ ਤੇ ਯੂਰਪੀਅਨ ਭਾਸ਼ਾਵਾਂ ਵਿੱਚ, ਜਿਵੇਂ ਯੂਰਪੀ ਲੋਕ ਆਪੋ-ਆਪਣੀ ਭਾਸ਼ਾ ਵਿੱਚ ਲਿਖਦੇ ਹਨ। ਜਿਵੇਂ ਅੱਜ ਦੀ ਦੁਨੀਆਂ ਵਿੱਚ ਸਭ ਤੋਂ ਵਧੀਆ ਨਾਵਲਕਾਰ ਮੰਨਿਆਂ ਜਾਂਦਾ ਹੈ ਮਾਰਖੇਜ਼ ਅਤੇ ਉਹਦਾ ਨਾਵਲ ਜਿਵੇਂ ਹੀ ਉਹ ਲਿਖਦਾ ਹੈ ਕੁਝ ਦਿਨਾਂ ਦੇ ਅੰਦਰ ਹੀ ਅੰਗ੍ਰੇਜ਼ੀ, ਫ਼ਰਾਂਸੀਸੀ ਵਿੱਚ ਆ ਜਾਂਦਾ ਹੈ। ਸਾਡੇ ਉਹਦਾ ਸਿਰਫ਼

ਇੱਕ ਨਾਵਲ ਆਇਆ 'ਸੌ ਸਾਲ ਦਾ ਇਕਲਾਪਾ' ਪੰਜਾਬੀ ਯੂਨੀਵਰਸਿਟੀ ਨੇ ਛਾਪਿਆ। ਉਸ ਦਾ ਹੋਰ ਕੋਈ ਨਾਵਲ ਪੰਜਾਬੀ ਭਾਸ਼ਾ ਵਿੱਚ ਉਪਲਬਧ ਨਹੀਂ।

ਕਹਿਣ ਦਾ ਮਤਲਬ ਕਿ ਜਿੱਥੇ ਗਿਆਨ ਪ੍ਰਸਾਰ ਦੀਆਂ ਲਹਿਰਾਂ ਉੱਠੀਆਂ ਨੇ। ਜਿਹਨਾਂ ਲੋਕਾਂ ਨੇ ਗਿਆਨ ਦੇ ਮਹਤੱਵ ਨੂੰ ਸਮਝਿਆ ਕਿ ਗਿਆਨ ਬਹੁਤ ਵੱਡੀ ਚੀਜ਼ ਹੈ, ਗਿਆਨ ਮਨੁੱਖ ਨੂੰ ਬਦਲ ਦਿੰਦਾ ਹੈ। ਗਿਆਨ ਦੁਨੀਆਂ ਨੂੰ ਬਦਲ ਦਿੰਦਾ ਹੈ, ਗਿਆਨ ਮਨੁੱਖ ਨੂੰ ਜੀਣਾ ਸਿਖਾਉਂਦਾ। ਜ਼ਿੰਦਗੀ ਨੂੰ ਦਿਸ਼ਾ ਦਿੰਦਾ ਹੈ ਤੇ ਉਹ ਸਮਾਜ ਕਿੰਨੇ ਬਿਹਤਰ ਸਮਾਜ ਨੇ। ਜਿਵੇਂ ਫ਼ਰਾਂਸੀਸੀ ਸਮਾਜ ਵਿੱਚ ਮੰਨਿਆ ਜਾਂਦਾ ਹੈ ਕਿ ਲੋਕਾਂ ਦਾ ਕੋਈ ਪ੍ਰਦਰਸ਼ਨ ਹੋਵੇ ਉਸ 'ਤੇ ਕੋਈ ਡੰਡਾ ਨਹੀਂ ਚੱਲ ਸਕਦਾ ਕਿਉਂਕਿ ਲੋਕਾਂ ਦੀ ਚੇਤਨਾ ਇੰਨੀ ਉੱਚੀ ਹੈ ਕਿ ਜੇ ਡੰਡਾ ਚਲਾ ਦਿੱਤਾ ਤਾਂ ਰਾਜਪਲਟਾ ਹੋ ਜਾਵੇਗਾ। ਜਿਵੇਂ ਲੋਕਾਂ ਦੀ ਜਮਹੂਰੀ ਚੇਤਨਾ ਹੀ ਇੰਨੀ ਉੱਚੀ ਹੈ। ਸਾਰਕੋਜ਼ੀ ਨੇ ਵੀ ਬਿਆਨ ਦਿੱਤਾ ਸੀ ਕਿ ਇਸ ਮੁਲਕ ਵਿੱਚ ਰਾਜ ਕਰਨਾ ਬਹੁਤ ਔਖਾ ਹੈ। ਜਿਵੇਂ ਦਸ ਬੰਦੇ ਨਾਅਰੇ ਮਾਰਦੇ ਜਾ ਰਹੇ ਨੇ ਤਾਂ ਪਾਰਕਾਂ ਵਿੱਚ ਸੈਰ ਕਰਦੇ ਬੰਦੇ ਵੀ ਉਹਨਾਂ ਦੇ ਨਾਲ਼ ਹੋ ਜਾਂਦੇ ਹਨ, ਅੱਗੇ ਕੋਈ ਆ ਗਿਆ ਉਹ ਵੀ ਨਾਲ਼ ਤੁਰ ਪੈਣਗੇ, ਲੱਖਾਂ ਦਾ ਇਕੱਠ ਹੁੰਦਾ ਹੈ ਉੱਥੇ। 1995 ਵਿੱਚ ਇੱਕ ਹੜਤਾਲ਼ ਹੋਈ ਤੇ ਦੋ ਮਹੀਨੇ ਚੱਲੀ ਜਿਸਨੂੰ ਕਹਿੰਦੇ ਨੇ 'ਫਰੈਂਚ ਵਿੰਟਰ ਆਫ਼ ਡਿਸਕੰਟੈਂਟ' ਮਤਲਬ ਸਾਰਾ ਸਿਆਲ਼ ਲੋਕਾਂ ਨੇ ਹੜਤਾਲ਼ ਕੀਤੀ। ਉਹ ਹੜਤਾਲ਼ ਕਾਹਦੇ ਲਈ ਕੀਤੀ ਕਿ ਸਰਕਾਰ ਉੱਥੇ ਸਿਹਤ ਸਹੂਲਤਾਂ ਦਾ ਨਿੱਜੀਕਰਨ ਕਰਨ ਜਾ ਰਹੀ ਸੀ। ਸਿਰਫ਼ ਸਿਹਤ ਵਰਕਰਾਂ ਨੇ ਹੜਤਾਲ਼ ਨਹੀਂ ਕੀਤੀ, ਸਨਅਤੀ ਕਾਮੇ, ਵਿਦਿਆਰਥੀ, ਮੁਲਾਜ਼ਮ ਤੇ ਫਿਰ ਸਾਰਾ ਫ਼ਰਾਂਸ ਹੜਤਾਲ ਵਿੱਚ ਸ਼ਾਮਲ ਹੋ ਗਿਆ ਅਤੇ ਸਰਕਾਰ ਨੇ ਹਿੰਮਤ ਨਹੀਂ ਕੀਤੀ ਕਿ ਕੋਈ ਲਾਠੀਚਾਰਜ ਕਰੇ। ਉੱਥੇ ਧਰਨੇ-ਪ੍ਰਦਰਸ਼ਨ ਹੋਏ, ਚੱਕਾ ਜਾਮ ਚੱਲਿਆ ਤੇ ਦੋ ਮਹੀਨੇ ਇੱਕ ਵੀ ਡੰਡਾ ਨਹੀਂ ਚੱਲਿਆ।

ਆਪਣੇ ਤਾਂ ਕੀੜੇ-ਮਕੌੜਿਆਂ ਦੀ ਜੂਨ ਹੈ ਇਨਸਾਨਾਂ ਦੀ। ਪੁਲਿਸ ਵਾਲ਼ੇ ਹੁਣ ਫੜਕੇ ਮਾਰ ਦੇਣ ਕੋਈ ਨਹੀਂ ਬੋਲਦਾ ਕਿਉਂਕਿ ਲੋਕਾਂ ਦੀ ਚੇਤਨਾ ਦਾ ਪੱਧਰ ਬਹੁਤ ਪੱਛੜਿਆ ਹੋਇਆ ਹੈ। ਸਾਡੇ ਝੂਠੇ ਮੁਕਾਬਲੇ ਬਣਦੇ ਨੇ।.... ਤੁਸੀਂ ਇੱਕ ਫਿਲਮ ਦੇਖਿਓ ਗੁਰਿੰਦਰ ਚੱਢਾ ਦੀ ਫਿਲਮ ਹੈ 'ਬੈਂਡ ਇੱਟ ਲਾਈਕ ਬੈਕਹੈਮ' ਉਸ ਵਿੱਚ ਉਹਨੇ ਦੋ ਸੱਭਿਅਤਾਵਾਂ ਨੂੰ ਦਿਖਾਇਆ ਹੈ। ਜਿਵੇਂ ਯੂਰਪ ਵਿੱਚ 15-16 ਸਾਲ ਵਿੱਚ ਕਿਸੇ ਦੀ ਕੁੜੀ ਜਾਂ ਮੁੰਡੇ ਨੂੰ ਪਿਆਰ ਨਾ ਹੋਵੇ ਤਾਂ ਉਸ ਨੂੰ ਮਨੋਵਿਗਿਆਨੀ ਨੂੰ ਦਿਖਾਉਂਦੇ ਹਨ ਕਿ ਕਿਤੇ ਇਹਦੇ ਦਿਮਾਗ਼ ਵਿੱਚ ਕੋਈ ਨੁਕਸ ਤਾਂ ਨਹੀਂ ? ਕੋਈ ਸਮੱਸਿਆ ਤਾਂ ਨਹੀਂ ਇਹਦੇ ਦਿਮਾਗ਼ ਵਿੱਚ ? ਤੇ ਸਾਡੇ ਹੋ ਜਾਵੇ ਇੱਥੇ ਤਾਂ ਜੋ ਹੁੰਦਾ ਉਹ ਸਾਰਿਆਂ ਨੂੰ ਪਤਾ ਹੈ। ਜਿਵੇਂ ਉੱਥੇ ਯੂਰਪ ਵਿੱਚ ਕਿਸੇ ਦੇ ਘਰੇ ਲੋਕ ਜਾਂਦੇ ਹਨ ਤਾਂ ਕਹਿੰਦੇ ਹਨ ਕਿ ਤੁਹਾਡੀ ਲੜਕੀ ਬਹੁਤ ਸੋਹਣੀ ਹੈ ਤੇ ਜੇ ਆਪਾਂ ਕਹਿ ਦਈਏ ਕਿਸੇ ਨੂੰ ਕਿ ਤੇਰੀ ਭੈਣ ਬਹੁਤ ਸੋਹਣੀ ਹੈ ਤਾਂ ਕੀ ਬਣੇ ? ਰਜਨੀਸ਼ ਦੀ ਫਿਲਾਸਫ਼ੀ ਨੂੰ ਅਸੀਂ ਬੇਕਾਰ ਸਮਝਦੇ ਹਾਂ ਪਰ ਵੈਸੇ ਇੱਕ ਉਦਾਹਰਣ ਲਈਏ ਤਾਂ ਉਹ

ਕਲਕੱਤੇ ਇੱਕ ਪ੍ਰੋਫੈਸਰ ਦੇ ਘਰੇ ਚਲਾ ਗਿਆ। ਉਹਨੇ ਆਪਣੀ ਬਗ਼ੀਚੀ ਵਿੱਚ ਉਹਨੂੰ ਸੱਦਿਆ ਤੇ ਆਪਣੇ ਫੁੱਲਾਂ ਦੀ ਤਰੀਫ਼ ਕਰ ਰਿਹਾ ਸੀ। ਇੰਨੇ ਨੂੰ ਪ੍ਰੋਫੈਸਰ ਦੀ ਕੁੜੀ ਚਾਹ ਲੈ ਕੇ ਆ ਗਈ ਤਾਂ ਰਜਨੀਸ਼ ਨੇ ਕਹਿ ਦਿੱਤਾ ਕਿ ਤੇਰੀ ਕੁੜੀ ਵੀ ਬਹੁਤ ਸੋਹਣੀ ਹੈ। ਪ੍ਰੋਫੈਸਰ ਇਸ ਗੱਲੋਂ ਨਰਾਜ਼ ਹੋ ਗਿਆ ਤੇ ਫਿਰ ਰਜਨੀਸ਼ ਕਹਿੰਦਾ ਹੈ ਕਿ ਕੀ ਅਸੀਂ ਔਰਤਾਂ ਨੂੰ ਕਰੂਪ ਹੀ ਦੇਖਣਾ ਚਾਹੁੰਦੇ ਹਾਂ ? ਸਾਡੇ ਸਮਾਜ ਇਹੋ ਜਿਹਾ ਹੈ ਤੇ ਉੱਥੇ ਬਿਲਕੁਲ ਵੱਖਰਾ। ਉੱਥੇ ਤਾਂ ਜਿਵੇਂ ਕਿਸੇ ਦਾ ਬੱਚਾ ਆਪਣਾ ਜੀਵਨ ਸਾਥੀ ਚੁਣਦਾ ਹੈ ਤਾਂ ਉਹ ਮਾਤਾ-ਪਿਤਾ ਖ਼ੁਸ਼ ਹੋ ਜਾਂਦੇ ਹਨ ਤੇ ਆਪਣੇ ਦੁਖੀ ਹੋ ਜਾਂਦੇ ਹਨ ਜਾਂ ਉਹ ਮਜਬੂਰੀ ਵਿੱਚ ਮੰਨ ਜਾਂਦੇ ਹਨ। ਖ਼ੁਸ਼ੀ-ਖ਼ੁਸ਼ੀ ਕੋਈ ਨਹੀਂ ਮੰਨਦਾ। ਵੈਸੇ ਵੇਖਿਆ ਜਾਵੇ ਤਾਂ ਵਿਆਹ ਵਿਅਕਤੀਗਤ ਮਾਮਲਾ ਹੈ। ਇਹ ਵਿਅਕਤੀ ਨੂੰ ਚੁਣਨਾ ਚਾਹੀਦਾ ਹੈ ਕਿ ਉਹਨੇ ਕਿਸ ਨਾਲ਼ ਰਹਿਣਾ ਹੈ ਕਿਸ ਨਾਲ਼ ਨਹੀਂ। ਉੱਥੇ ਤੀਸਰੇ ਵਿਅਕਤੀ ਦਾ ਦਖ਼ਲ ਨਹੀਂ ਕਿਸੇ ਦੀ ਜ਼ਿੰਦਗੀ ਵਿੱਚ। ਉੱਥੋਂ ਦਾ ਇਨਸਾਨ ਖ਼ੁਦ ਇੰਨਾ ਸਮਝਦਾਰ ਹੈ ਕਿ ਦਖ਼ਲ ਨਹੀਂ ਦਿੰਦਾ ਤੇ ਦੂਜਾ ਉੱਥੇ ਕੋਈ ਦਖ਼ਲ ਦੇਣ ਵੀ ਨਹੀਂ ਦਿੰਦਾ।

ਤੇ ਹੁਣ ਸਾਡੇ ਕੀ ਹੈ ਕਿ ਜਦ ਤੱਕ ਝਾਕੀਏ ਨਾ ਕਿਸੇ ਦੀ ਨਿੱਜੀ ਜ਼ਿੰਦਗੀ ਵਿੱਚ, ਉਦੋਂ ਤੱਕ ਚੈਨ ਜਿਹਾ ਹੀ ਨਹੀਂ ਆਉਂਦਾ। ਬਹੁਤ ਪਹਿਲਾਂ ਇੱਕ ਬੰਦੇ ਨੇ ਲੇਖ ਲਿਖਿਆ ਸੀ। ਉਸ ਲੇਖ ਦਾ ਨਾਮ ਸੀ 'ਨਿੰਦਾ ਰਸ'। ਹੁਣ ਸਾਡੀਆਂ ਔਰਤਾਂ ਕੀ ਕਰਦੀਆਂ ਨੇ ? ਇਹ ਨਿੰਦਾ ਰਸ ਲੈਂਦੀਆਂ ਨੇ ! ਬੰਦੇ ਵੀ ਨਿੰਦਾ ਰੱਸ ਲੈਂਦੇ ਨੇ ! ਚੁਗਲੀਆਂ ਕਰਨ ਵਿੱਚ ਔਰਤਾਂ ਹੀ ਨਹੀਂ ਬੰਦੇ ਵੀ ਬਹੁਤ ਜ਼ਿਆਦਾ ਚੁਗਲੀਆਂ ਕਰਦੇ ਨੇ ਕਿ ਫਲਾਣੇ ਦੀ ਐਂ ਓਏ, ਫਲਾਣੇ ਦੀ ਓਂ ਓਏ। ਕਿ ਦੂਜੇ ਦੇ ਘਰ ਵਿੱਚ ਕੀ ਚੱਲ ਰਿਹਾ ? ਕਿਹਦੀ ਕਿਸ ਨਾਲ਼ ਵਿਗੜੀ ਹੈ ? ਆਪਾਂ ਇਸ ਵਿੱਚ ਬਹੁਤ ਜ਼ਿਆਦਾ ਦਿਲਚਸਪੀ ਲੈਂਦੇ ਹਾਂ। ਆਪਾਂ ਵਿਹਲ ਦੀ ਗੱਲ ਕਰੀਏ ਕਿ ਪਿੰਡਾਂ ਵਿੱਚ ਲੋਕ ਵਿਹਲੇ ਹੁੰਦੇ ਨੇ ਤੇ ਵਾਕਿਆ ਹੀ ਵਿਹਲੇ ਹੁੰਦੇ ਨੇ। ਹੁਣ ਵਿਹਲ ਦੇ ਵੀ ਦੋ ਪੱਖ ਨੇ। ਵਿਹਲ ਮਨੁੱਖੀ ਸੱਭਿਅਤਾ ਦਾ ਵਿਕਾਸ ਹੈ। ਸਰਮਾਏਦਾਰੀ ਸਮਾਜ ਦੇ ਆਉਣ ਤੋਂ ਪਹਿਲਾਂ ਮਨੁੱਖ ਵਿਹਲਾ ਨਹੀਂ ਸੀ। ਮਨੁੱਖ ਦੀ ਸਾਰੀ ਊਰਜਾ ਰੋਟੀ ਕਮਾਉਣ 'ਤੇ ਲੱਗ ਜਾਂਦੀ ਸੀ। ਜਿਵੇਂ ਮਨੁੱਖ ਸ਼ਿਕਾਰ ਕਰਦਾ ਸੀ ਰਾਤ ਨੂੰ ਸੌਂਦਾ ਸੀ ਤੇ ਸਵੇਰੇ ਉੱਠਕੇ ਸ਼ਿਕਾਰ ਕਰਦਾ ਸੀ। ਉਸ ਤੋਂ ਬਾਅਦ ਯਾਨੀ ਜਗੀਰੂ ਦੌਰ ਤੱਕ ਅਸੀਂ ਕੁਦਰਤ 'ਤੇ ਬਹੁਤ ਜ਼ਿਆਦਾ ਨਿਰਭਰ ਸੀ। ਹੁਣ ਕੀ ਹੋ ਗਿਆ ਕਿ ਵਿਗਿਆਨ, ਤਕਨੀਕ ਜਿਸਨੂੰ ਆਪਾਂ ਪੈਦਾਵਾਰੀ ਤਾਕਤਾਂ ਦਾ ਵਿਕਾਸ ਕਹਿੰਦੇ ਹਾਂ, ਉਹ ਇੰਨਾ ਅੱਗੇ ਚਲਾ ਗਿਆ, ਇੰਨਾ ਵਿਕਸਤ ਹੋ ਗਿਆ ਕਿ ਅੱਜ ਜੇ ਮਨੁੱਖ ਚਾਹੇ ਤਾਂ ਤਿੰਨ-ਚਾਰ ਸਾਲ ਕੋਈ ਕੰਮ ਕਰਨ ਦੀ ਲੋੜ ਨਹੀਂ। ਇੰਨੀ ਜ਼ਿਆਦਾ ਪੈਦਾਵਾਰ ਹੋ ਸਕਦੀ ਹੈ ਤੇ ਸਟੋਰੇਜ ਦੇ ਵੀ ਇੰਤਜ਼ਾਮ ਹੈਗੇ ਨੇ। ਮਨੁੱਖ ਸਾਰਾ ਸੰਸਾਰ ਘੁੰਮੇ, ਸਰਦੀਆਂ 'ਚ ਸਮੁੰਦਰ ਕੰਢੇ ਰਹੇ, ਗਰਮੀਆਂ ਵਿੱਚ ਪਹਾੜਾਂ 'ਤੇ ਰਹੇ। ਚਿੰਤਨ ਕਰੇ, ਲਾਇਬ੍ਰੇਰੀ ਜਾਵੇ। ਹੁਣ ਸਾਡੇ ਕੀ ਹੈ ਕਿ ਵਿਹਲ ਤਾਂ ਆ ਗਿਆ। ਹੁਣ ਵਿਹਲ ਵਿੱਚ

ਕੋਈ ਉਤਪਾਦਕ ਕੰਮ ਕਰਨ ਨੂੰ ਹੈ ਨਹੀਂ। ਪੜ੍ਹਦੇ ਆਪਾਂ ਹੈ ਨੀ।

ਅਮਰੀਕਾ ਜਾਂ ਯੂਰਪ ਵਿੱਚ ਕੋਈ ਵਿਅਕਤੀ ਪੰਜ ਸੌ ਪੇਜ ਦੀ ਕਿਤਾਬ ਇੱਕ ਦਿਨ ਵਿੱਚ ਪੜ੍ਹ ਸਕਦਾ ਹੈ ਤੇ ਅਗਲੇ ਦਿਨ ਉਸਦਾ ਰਿਵਿਊ ਵੀ ਲਿਖਕੇ ਲਿਆ ਸਕਦਾ। ਹੁਣ ਕੀ ਆਪਣਾ ਕੋਈ ਬੰਦਾ ਇੰਨੀ ਸਪੀਡ ਨਾਲ਼ ਪੜ੍ਹ ਸਕਦਾ ਹੈ ? ਹਾਂ ਪੜ੍ਹ ਸਕਦਾ ਹੈ, ਆਪਣਾ ਦਿਮਾਗ਼ ਤਾਂ ਉਨਾਂ ਹੀ ਹੈ। ਵਿਗਿਆਨ ਕਹਿੰਦਾ ਹੈ ਕਿ ਹਰ ਮਨੁੱਖ ਦਾ ਦਿਮਾਗ਼ ਇੱਕੋ ਜਿਹਾ ਹੁੰਦਾ ਹੈ। ਔਰਤਾਂ ਦਾ ਥੋੜਾ ਜਿਹਾ ਘੱਟ ਹੁੰਦਾ ਹੈ। ਪਰ ਉਹ ਉਨਾਂ ਵੱਧ ਸੰਗਠਿਤ ਹੁੰਦਾ ਹੈ। ਮਤਲਬ ਕੱਸਿਆ ਹੁੰਦਾ ਹੈ। ਔਰਤਾਂ ਜ਼ਿਆਦਾ ਇਕਾਗਰ ਨਹੀਂ ਕਰ ਸਕਦੀਆਂ। ਮਰਦ ਕਰ ਸਕਦਾ ਹੈ ਕਿਉਂਕਿ ਉਹ ਸ਼ਿਕਾਰ ਕਰਦਾ ਰਿਹਾ ਤੇ ਸ਼ਿਕਾਰ ਲਈ ਇਕਾਗਰਤਾ ਦੀ ਲੋੜ ਬਹੁਤ ਪੈਂਦੀ ਸੀ। ਔਰਤਾਂ ਦਾ ਦਿਸ਼ਾਵਾਂ ਦਾ ਮਾਮਲਾ ਗੋਲ਼-ਮੋਲ ਹੁੰਦਾ ਹੈ। ਮਰਦਾਂ ਨੂੰ ਇਹ ਯਾਦ ਰਹਿੰਦਾ ਹੈ। ਪਰ ਸਮਝਣ ਦੇ ਮਾਮਲੇ ਵਿੱਚ ਸਾਡੇ ਤੋਂ ਅੱਗੇ ਹੁੰਦੀਆਂ ਹਨ ਜਿਵੇਂ ਕਿਸੇ ਵਿਅਕਤੀ ਦੀ ਪਛਾਣ ਔਰਤਾਂ ਨੂੰ ਸਾਡੇ ਤੋਂ ਵੱਧ ਹੁੰਦੀ ਹੈ। ਬੰਦੇ ਆਮ ਕਰਕੇ ਲੋਲ੍ਹੇ ਹੁੰਦੇ ਨੇ। ਇਹ ਸਤਹੀ-ਸਤਹੀ ਦੇਖਦੇ ਨੇ ਬਹੁਤ ਜ਼ਿਆਦਾ ਡੂੰਘਾਈ ਵਿੱਚ ਨਹੀਂ ਜਾਂਦੇ।

ਯੂਰਪ ਦੇ ਮਨੁੱਖ ਦਾ ਦਿਮਾਗ਼ ਸਾਥੋਂ ਤੇਜ਼ ਨਹੀਂ ਸਗੋਂ ਉਥੇ ਜੋ ਲਹਿਰਾਂ ਚੱਲੀਆਂ ਉਹਨਾਂ ਨੇ ਮਨੁੱਖ ਨੂੰ ਨਵੇਂ ਸਾਂਚੇ ਵਿੱਚ ਢਾਲ਼ ਦਿੱਤਾ। ਜਿਵੇਂ ਇੱਕ ਸਾਥੀ ਕੈਨੇਡਾ ਬਾਰੇ ਦੱਸਦਾ ਹੈ ਕਿ ਉੱਥੇ ਵੱਡੀਆਂ ਲਾਇਬ੍ਰੇਰੀਆਂ ਨੇ। ਲਾਇਬ੍ਰੇਰੀ ਵਿੱਚ ਹਰ ਇੱਕ ਦਾ ਆਪਣਾ ਇੱਕ ਕੈਬਿਨ ਹੈ। ਦੂਜਾ ਕੋਈ ਤੁਹਾਨੂੰ ਦਿਖਾਈ ਨਹੀਂ ਦਿੰਦਾ। ਉਹ ਆਪਣੇ ਕੈਬਿਨ 'ਚ ਹੈ। ਤੁਸੀਂ ਆਪਣੀ ਲਾਈਟ ਜਗਾਓ ਤੇ ਪੜ੍ਹੋ। ਉਹ ਦੱਸ ਰਿਹਾ ਸੀ ਕਿ ਉਹ ਲੋਕ ਸਵੇਰੇ ਲਾਇਬ੍ਰੇਰੀ ਜਾਂਦੇ ਨੇ ਸ਼ਾਮ ਨੂੰ ਮੁੜਦੇ ਨੇ। ਉਹਨਾਂ ਦੀਆਂ ਲਾਇਬ੍ਰੇਰੀਆਂ ਉਹਨਾਂ ਦੇ ਜਿਮ ਨੇ। ਜਿੰਨੀ ਜਿਮ ਵਿੱਚ ਮਿਹਨਤ ਕਰਦੇ ਨੇ ਉਨੀ ਹੀ ਉਹ ਲਾਇਬ੍ਰੇਰੀ ਵਿੱਚ ਮਿਹਨਤ ਕਰਦੇ ਨੇ। ਆਪਣਾ ਬੰਦਾ ਸ਼ਰੀਰਕ ਮਿਹਨਤ ਬਹੁਤ ਕਰ ਲੈਂਦਾ। ਆਪਣੇ ਕਈ ਸਾਥੀ ਨੇ, ਸਾਈਕਲ ਭਾਵੇਂ ਉਹਨਾਂ ਕੋਲ਼ੋਂ ਸਾਰਾ ਦਿਨ ਚਲਵਾ ਲਵੋ ਪਰ ਕਿਤਾਬ ਦੇ ਪੰਜ ਪੇਜ ਪੜ੍ਹਕੇ ਸੌਂ ਜਾਂਦੇ ਨੇ, ਕਿਤਾਬ ਉੱਪਰ ਤੇ ਬੰਦਾ ਥੱਲੇ ਕਦੇ ਬੰਦਾ ਉੱਪਰ ਤੇ ਕਿਤਾਬ ਥੱਲੇ। ਪੜ੍ਹਾਈ ਦੇ ਮਾਮਲੇ ਵਿੱਚ ਜੇ ਆਪਣਾ ਹਾਲ ਇਹੀ ਰਿਹਾ ਤਾਂ ਬਹੁਤ ਬੁਰੀ ਹਾਲਤ ਹੋਵੇਗੀ। ਬੰਦਾ ਪਿੱਛੇ ਮੁੜਕੇ ਵੇਖਦਾ ਤਾਂ ਉਸਨੂੰ ਲੱਗਦਾ ਕਿ ਉਸ ਦੀ ਜ਼ਿੰਦਗੀ ਦੇ ਬਹੁਤ ਸਾਰੇ ਕੀਮਤੀ ਵਰ੍ਹੇ ਅਗਿਆਨ ਕਰਕੇ ਬਰਬਾਦ ਹੋ ਗਏ। ਜੇ ਉਹਨੂੰ ਗਿਆਨ ਹੁੰਦਾ ਤਾਂ ਉਹਦੀ ਜ਼ਿੰਦਗੀ ਬਰਬਾਦ ਨਾ ਹੁੰਦੀ। ਜੀਵਨ ਇੱਕ ਹੀ ਵਾਰ ਮਿਲਦਾ ਤੇ ਆਪਾਂ ਹੁਣ ਕੋਈ ਧਾਰਮਿਕ ਵਿਅਕਤੀ ਤਾਂ ਹੈ ਨਹੀਂ ਕਿ ਅਗਲੇ ਜਨਮ ਵਿੱਚ ਕੁੱਝ ਕਰ ਦੇਵਾਂਗੇ। ਅਗਿਆਨ ਕਰਕੇ ਬੰਦਾ ਅਜਿਹੇ ਕੰਮ ਕਰਦਾ ਹੈ ਜਿਹੜੇ ਗਿਆਨ ਨਾਲ਼ ਬਹੁਤ ਘੱਟ ਸਮੇਂ ਵਿੱਚ ਹੋ ਜਾਂਦੇ ਜਾਂ ਜਿਹਨਾਂ ਨੂੰ ਕਰਨ ਦੀ ਲੋੜ ਹੀ ਨਹੀਂ ਹੁੰਦੀ। ਅਗਿਆਨ ਕਰਕੇ ਬੰਦੇ ਨੂੰ ਬਹੁਤ ਸਾਰੀਆਂ ਮੁਸੀਬਤਾਂ ਝੱਲਣੀਆਂ ਪੈਂਦੀਆਂ। ਸ਼ਰਤ ਚੰਦਰ ਦਾ ਨਾਵਲ ਹੈ ਚਰਿਤਰਹੀਣ। ਉਸ ਵਿੱਚ ਇੱਕ ਲੜਕਾ ਕਿਰਾਏ ਦੇ ਕਮਰੇ

ਵਿੱਚ ਰਹਿੰਦਾ ਹੈ ਤੇ ਉੱਥੇ ਇੱਕ ਨੌਕਰਾਣੀ ਹੈ ਤੇ ਉਹ ਆਕੇ ਕਮਰੇ ਵਿੱਚ ਉਹ ਦੇ ਨਾਲ਼ ਬੈਠੀ ਗੱਲ ਕਰ ਰਹੀ ਹੈ। ਉਸ ਬੰਦੇ ਨੂੰ ਵਿਆਹ ਦਾ ਸੱਦਾ ਆਇਆ ਹੋਇਆ ਤੇ ਉਹ ਵਿਆਹ ਤੇ ਜਾਣਾ ਨਹੀਂ ਚਾਹੁੰਦਾ। ਜਿਨ੍ਹਾਂ ਦੇ ਵਿਆਹ ’ਤੇ ਜਾਣਾ ਹੁੰਦਾ ਉਹ ਉਹਨੂੰ ਚੁੱਕ ਕੇ ਲਿਜਾਣ ਆ ਜਾਂਦੇ ਹਨ ਤਾਂ ਉਸਦੇ ਕਮਰੇ ਵਿੱਚ ਕੁੜੀ ਦੇਖਕੇ ਉਹ ਰੌਲ਼ਾ ਪਾ ਦਿੰਦੇ ਹਨ। ਫਿਰ ਉਹ ਮੁੰਡਾ-ਕੁੜੀ ਮਾਨਸਿਕ ਰੂਪ ਵਿੱਚ ਬਹੁਤ ਜ਼ਿਆਦਾ ਪ੍ਰੇਸ਼ਾਨ ਰਹਿੰਦੇ ਨੇ ਇਸ ਗੱਲੋਂ। ਹੁਣ ਇਹ ਉਸ ਲੜਕੇ ਦਾ ਵੀ ਸੱਭਿਆਚਾਰਕ ਪਛੜੇਵਾਂ ਹੈ ਤੇ ਪੱਛੜਿਆ ਹੋਇਆ ਬੰਦਾ ਵੱਧ ਦੁੱਖ ਝੱਲਦਾ ਹੈ। ਜੇ ਉਹ ਸੱਭਿਆਚਾਰਕ ਤੌਰ ’ਤੇ ਵਿਕਸਿਤ ਹੁੰਦਾ ਤਾਂ ਉਹ ਕਹਿੰਦਾ ਕਿ ਹਾਂ ਹੈ ਤੂੰ ਦੱਸ ਕੀ ਲੈਣਾ ?

ਰਾਹੁਲ ਸੰਕਰਤਾਇਨ ਸੀ, ਸੱਠ ਸਾਲ ਦੀ ਉਮਰ ਵਿੱਚ ਉਹਨੇ ਵੀਹ ਸਾਲ ਦੀ ਕੁੜੀ ਨਾਲ਼ ਵਿਆਹ ਕਰਵਾਇਆ। ਕਈ ਰਾਹੁਲ ਨੂੰ ਕਹਿੰਦੇ ਸੀ ਕਿ ਰਾਹੁਲ ਬਾਬਾ ਇਹ ਕੀ ? ਰਾਹੁਲ ਦਾ ਕਹਿਣਾ ਸੀ ਕਿ ਵੇਖੋ ਇਸ ਨੂੰ ਮੇਰੇ ਨਾਲ਼ ਵਿਆਹ ਕਰਵਾਕੇ ਕੋਈ ਇਤਰਾਜ਼ ਨਹੀਂ ਤੇ ਮੈਨੂੰ ਇਹਦੇ ਨਾਲ਼ ਕਰਵਾਕੇ ਕੋਈ ਇਤਰਾਜ਼ ਨਹੀਂ, ਕੀ ਤੁਹਾਨੂੰ ਹੈ ? ਕਿ ਤੈਨੂੰ ਦੱਸ ਕੀ ਤਕਲੀਫ਼ ਹੈ ? ਹੁਣ ਸਾਡੇ ਕਈ ਮਿੱਤਰ ਹਨ, ਘਰੋਂ ਭੱਜਕੇ ਇਨਕਲਾਬ ਕਰਨ ਆ ਜਾਂਦੇ ਨੇ ਤੇ ਜਦੋਂ ਬੰਦਾ ਘਰੋਂ ਭੱਜਕੇ ਆਉਂਦਾ ਤਾਂ ਰਿਸ਼ਤੇਦਾਰ ਵੀ ਨਾਲ਼ ਆ ਜਾਂਦੇ ਨੇ ਹਾਲਾਂਕਿ ਰਿਸ਼ਤੇਦਾਰਾਂ ਦਾ ਕੋਈ ਹੱਕ ਨਹੀਂ ਉਸ ਬੰਦੇ ’ਤੇ। ਪਰ ਉਹ ਵੀ ਦਖ਼ਲ ਦਿੰਦੇ ਹਨ।

ਸਾਡੇ ਸਮਾਜ ਦੀ ਜਿੱਦਾਂ ਦੀ ਸਥਿਤੀ ਹੈ ਇਹਦੇ ਕਾਰਣ ਕੀ ਹਨ ? ਕੀ ਆਪਾਂ ਹਮੇਸ਼ਾਂ ਤੋਂ ਇਹੋ ਜਿਹੇ ਸੀ ਜਿਹੋ ਜਿਹੇ ਅੱਜ ਹਾਂ। ਅੱਜ ਕਵਿਤਾਵਾਂ ਬਹੁਤ ਲਿਖੀਆਂ ਜਾ ਰਹੀਆਂ ਨੇ। ਅਖ਼ਬਾਰ ਵਿੱਚ ਆਇਆ ਕਿ ਪੰਦਰ੍ਹਾਂ ਸੌ ਕਵੀ ਅਜਿਹੇ ਨੇ ਜਿਨ੍ਹਾਂ ਦੀਆਂ ਕਵਿਤਾਵਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ। ਲਿਖਣਾ ਕੋਈ ਬੁਰੀ ਗੱਲ ਨਹੀਂ। ਜਿਸ ਕੋਲ਼ ਸਮਾਂ ਹੈ, ਯੋਗਤਾ ਹੈ ਉਹ ਲਿਖੇ ਕਿਉਂਕਿ ਲੋਕਾਂ ਨੂੰ ਲੇਖਕਾਂ ਦੀ ਲੋੜ ਹੈ। ਲੇਖਕ ਲਿਖਣਗੇ ਤੇ ਲੋਕੀਂ ਪੜ੍ਹਨਗੇ। ਲੋਕਾਂ ਦਾ ਗਿਆਨ ਅੱਗੇ ਜਾਵੇਗਾ। ਪਰ ਲਿਖਦੇ ਕੀ ਨੇ ਹੁਣ ? ਉਸ ਨਾਲ਼ ਲੋਕਾਂ ਦੇ ਗਿਆਨ ਵਿੱਚ ਕੋਈ ਵਾਧਾ ਨਹੀਂ ਹੁੰਦਾ। ਏਨਾ ਸਤਹੀ ਹੁੰਦਾ ਹੈ ਇਹ ਲੇਖਣ। ਜਿਵੇਂ ਕਹਿੰਦੇ ਨੇ ਕਿ ਕਿਆ ਕਵਿਤਾ ਪੜ੍ਹੀ ਕਿ ਵਾਹ-ਵਾਹ ਕਰ ਉੱਠੇ ਲੋਕ। ਉਹ ਕਵਿਤਾ ਹੀ ਨਹੀਂ ਹੁੰਦੀ ਕਿ ਲੋਕ ਵਾਹ-ਵਾਹ ਕਰ ਉੱਠਣ ! ਕਵਿਤਾ ਹੁੰਦੀ ਹੈ ਜਿਹੜੀ ਤੁਹਾਨੂੰ ਸੋਚਣ ਲਈ ਮਜਬੂਰ ਕਰੇ। ਜਿਵੇਂ ਆਪਣੇ ਕਈ ਸਾਥੀ ਕਹਿੰਦੇ ਨੇ ਮੈਗਜ਼ੀਨ ਅਜਿਹਾ ਹੋਵੇ ਜਿਹੜਾ ਸਭ ਨੂੰ ਸਮਝ ਆ ਜਾਵੇ। ਪਰ ਗਿਆਨ ਦੀ ਪ੍ਰਕਿਰੀਆ ਕੀ ਹੁੰਦੀ ਹੈ ? ਕੁੱਝ ਸਮਝ ਆਉਣਾ ਚਾਹੀਦਾ ਤੇ ਕੁੱਝ ਨਹੀਂ ਆਉਣਾ ਚਾਹੀਦਾ। ਜੇ ਤੁਹਾਨੂੰ ਸਭ ਕੁੱਝ ਸਮਝ ਆ ਗਿਆ ਤਾਂ ਇਹਦਾ ਮਤਲਬ ਹੈ ਕਿ ਤੁਹਾਨੂੰ ਸਭ ਕੁੱਝ ਪਹਿਲਾਂ ਹੀ ਪਤਾ ਸੀ। ਤੁਹਾਡੇ ਗਿਆਨ ਵਿੱਚ ਤਾਂ ਕੋਈ ਵਾਧਾ ਨਹੀਂ ਹੋਇਆ। ਜੇ ਤੁਹਾਨੂੰ ਕੁੱਝ ਨਹੀਂ ਸਮਝ ਆਇਆ ਤਾਂ ਤੁਸੀਂ ਕਿਸੇ ਦੀ ਮਦਦ ਲੈ ਸਕਦੇ ਹੋਂ। ਮਤਲਬ ਪੜ੍ਹਦੇ-ਪੜ੍ਹਦੇ ਕੋਈ ਟਰਮ ਆਈ ਤੁਹਾਨੂੰ ਉਹ ਸਮਝ ਨਹੀਂ

ਪਈ। ਆਪਾਂ ਫਿਰ ਇੰਟਰਨੈੱਟ ਤੇ ਜਾਂਦੇ ਹਾਂ ਜਾਂ ਡਿਕਸ਼ਨਰੀ ਵੇਖਦੇ ਹਾਂ, ਨਹੀਂ ਜਾਂ ਫਿਰ ਕਿਸੇ ਨੂੰ ਪੁੱਛਦੇ ਹਾਂ। ਗਿਆਨ ਵਿੱਚ ਵਾਧਾ ਤਾਂ ਇਵੇਂ ਹੀ ਹੁੰਦਾ ਹੈ। ਹੁਣ ਜੇ ਸਭ ਕੁੱਝ ਸਮਝ ਆ ਗਿਆ ਤਾਂ ਗਿਆਨ ਵਿੱਚ ਕੀ ਵਾਧਾ ਹੋਇਆ ? ਹੁਣ ਜਿੰਨੀਆਂ ਕਵਿਤਾਵਾਂ ਲਿਖੀਆਂ ਜਾ ਰਹੀਆਂ ਨੇ। ਬੰਦੇ ਨੂੰ ਉਸ ਵਿੱਚ ਕੁੱਝ ਵੀ ਸਮਝਣ ਦੀ ਲੋੜ ਨਹੀਂ ਪੈਂਦੀ। ਹੁਣ ਵਿਆਹਾਂ ’ਤੇ ਜਿਹੜੇ ਗੀਤ ਵੱਜਦੇ ਨੇ ਕੀ ਉਹਨੂੰ ਸਮਝਣ ਲਈ ਕਿਸੇ ਨੂੰ ਦਿਮਾਗ਼ ਲਾਉਣਾ ਪੈਂਦਾ ਹੈ ? ਜੋ ਇਸ ਤਰ੍ਹਾਂ ਦਾ ਸਾਹਿਤ ਹੁੰਦਾ ਹੈ ਉਹ ਸਾਡੇ ਦਿਮਾਗ਼ ਨੂੰ ਖੁੰਢਿਆਂ ਕਰਦਾ ਹੈ। ਉਹਦਾ ਸੱਤਿਆਨਾਸ਼ ਕਰ ਦਿੰਦਾ ਹੈ। ਜੋ ਡੂੰਘਾ ਸਾਹਿਤ ਹੁੰਦਾ ਹੈ, ਜਿਸਨੂੰ ਸਮਝਣ ਲਈ ਬੰਦੇ ਨੂੰ ਦਿਮਾਗ਼ੀ ਮੁਸ਼ੱਕਤ ਕਰਨੀ ਪਵੇ। ਲੈਮਾਰਕ ਨੇ ਕਿਹਾ ਹੈ, “ਮਨੁੱਖ ਜਿਨ੍ਹਾਂ ਅੰਗਾਂ ਦਾ ਜ਼ਿਆਦਾ ਇਸਤੇਮਾਲ ਕਰਦਾ ਹੈ ਉਹ ਜ਼ਿਆਦਾ ਵਿਕਸਤ ਹੋ ਜਾਂਦੇ ਹਨ।” ਹੁਣ ਜੇ ਆਪਾਂ ਦਿਮਾਗ਼ ਦਾ ਜ਼ਿਆਦਾ ਇਸਤੇਮਾਲ ਕਰਾਂਗੇ ਤਾਂ ਦਿਮਾਗ਼ ਓਨਾ ਹੀ ਜ਼ਿਆਦਾ ਵਿਕਸਤ ਹੋ ਜਾਂਦਾ ਹੈ। ਤੁਸੀਂ ਕੋਈ ਵੀ ਕਸਰਤ ਕਰਨੀ ਸ਼ੁਰੂ ਕਰ ਦੇਵੋ ਤੁਹਾਡਾ ਸਰੀਰ ਹੋਰ ਜ਼ਿਆਦਾ ਕਸਰਤ ਦੀ ਮੰਗ ਕਰਨ ਲੱਗ ਪੈਂਦਾ ਹੈ। ਇਵੇਂ ਹੀ ਜਦ ਆਪਾਂ ਦਿਮਾਗ਼ ਦਾ ਇਸਤੇਮਾਲ ਕਰਨਾ ਸ਼ੁਰੂ ਕਰ ਦਿੰਦੇ ਹਾਂ ਤਾਂ ਦਿਮਾਗ਼ ਦੀ ਸਮਰੱਥਾ ਵੱਧ ਜਾਂਦੀ ਹੈ। ਜਿਹੜਾ ਕੰਮ ਆਪਾਂ ਘੰਟਿਆਂ ਵਿੱਚ ਕਰਦੇ ਹਾਂ ਉਹ ਮਿੰਟਾਂ ਵਿੱਚ ਕਰਨ ਲੱਗ ਪੈਂਦੇ ਹਾਂ। ਜਿਹੜਾ ਦਿਨਾਂ ਵਿੱਚ ਕਰਦੇ ਹਾਂ ਉਹ ਘੰਟਿਆਂ ਵਿੱਚ ਕਰਨ ਲੱਗ ਪੈਂਦੇ ਹਾਂ। ਫਿਰ ਪੰਜਾਬੀ ਸਾਹਿਤ ਦੀ ਗੱਲ ਕਰੀਏ। ਇਹ ਲੇਖਕ ਸਾਨੂੰ ਕਹਿਣ ਲੱਗ ਪੈਂਦੇ ਹਨ ਕਿ ਤੁਸੀਂ ਯਾਰ ਸਾਨੂੰ ਕੁੱਝ ਸਮਝਦੇ ਹੀ ਨਹੀਂ। ਆਪਾਂ ਕਹਿੰਦੇ ਹਾਂ ਕਿ ਆਪਾਂ ਤਰਕ ਦੀ ਗੱਲ ਕਰੀਏ। ਤੁਸੀਂ ਜੋ ਸਾਹਿਤ ਰਚਦੇ ਹੋਂ ਇਹ ਸਾਡੇ ਗਿਆਨ ਵਿੱਚ ਕੋਈ ਵਾਧਾ ਨਹੀਂ ਕਰਦਾ। ਇਹ ਸਾਨੂੰ ਕੋਈ ਅਜਿਹੀ ਗੱਲ ਨਹੀਂ ਦੱਸਦਾ ਕਿ ਜਿਹੜੀ ਸਾਨੂੰ ਨਾ ਪਤਾ ਹੋਵੇ ਜਾਂ ਕੋਈ ਅਜਿਹੀ ਗੱਲ ਨਹੀਂ ਦੱਸਦਾ ਜਿਸ ਲਈ ਸਾਨੂੰ ਦਿਮਾਗ਼ ਲਾਉਣਾ ਪੈਂਦਾ ਹੋਵੇ। ਇਹ ਸਭ ਬਹੁਤ ਸਤਹੀ ਹੈ। ਕਵਿਤਾ ਦਾ ਵੀ ਇਹੋ ਹਾਲ ਹੈ। ਹੁਣ ਸਾਰੇ ਫੇਸਬੁੱਕ ’ਤੇ ਕਵਿਤਾਵਾਂ ਪਾਈ ਜਾਂਦੇ ਨੇ, ਛਾਪਦਾ ਕੋਈ ਹੈ ਨਹੀਂ ਉਹਨੂੰ। ਫੇਸਬੁੱਕ ਕੀ ਹੈ ਇਹ ‘ਭੜਾਸ ਕੱਢੂ ਕੇਂਦਰ’ ਹੈ। ਉੱਥੇ ਸਭ ਆਪਣੀ ਭੜਾਸ ਕੱਢਦੇ ਨੇ। ਕੋਈ ਨਹੀਂ ਛਾਪਦਾ ਤਾਂ ਫੇਸਬੁੱਕ ’ਤੇ ਚੁੱਕ ਕੇ ਪਾ ਦੇਵੋ। ਇਹ ਸਭ ਸਾਡੀ ਬੁੱਧੀ ਦਾ ਨਾਸ਼ ਕਰਦਾ ਹੈ। ਕਲਾਸੀਕਲ ਮਿਊਜ਼ਿਕ ਹੈ ਜਿਸ ਵਿੱਚ ਧੁਨੀਆਂ ਵਿੱਚੋਂ ਸੰਦੇਸ਼ ਨਿਕਲ਼ਦੇ ਨੇ ਤੇ ਉਸ ਸੰਦੇਸ਼ ਨੂੰ ਫੜਨ ਲਈ ਬਹੁਤ ਮੁਸ਼ੱਕਤ ਕਰਨੀ ਪਵੇਗੀ। ਕੋਈ ਸਿਤਾਰ ਵੱਜ ਰਹੀ ਹੈ ਜਾਂ ਤਬਲਾ ਵੱਜ ਰਿਹਾ ਤੁਹਾਨੂੰ ਬਹੁਤ ਧਿਆਨ ਨਾਲ਼ ਸੁਣਨਾ ਪਵੇਗਾ। ਨਹੀਂ ਤਾਂ ਤੁਸੀਂ ਉਹਦਾ ਆਨੰਦ ਨਹੀਂ ਲੈ ਸਕਦੇ। ਜਿਹਨੇ ਫਰਾਂਸੀਸੀ, ਨਾਰਵੇ ਜਾਂ ਰੂਸ ਦਾ ਸਾਹਿਤ ਪੜ੍ਹ ਲਿਆ। ਉਹ ਪੰਜਾਬੀ ਸਾਹਿਤ ਵੱਲ ਮੂੰਹ ਨਹੀਂ ਕਰਦਾ। ਉਹਦੀ ਸੰਤੁਸ਼ਟੀ ਨਹੀਂ ਹੁੰਦੀ। ਲੇਖਕ ਹੋਣਾ ਕੋਈ ਬੁਰੀ ਗੱਲ ਨਹੀਂ ਪਰ ਲੇਖਕ ਲਈ ਪੜ੍ਹਨਾ ਬਹੁਤ ਜ਼ਰੂਰੀ ਹੈ ਤੇ ਆਪਣਾ ਲੇਖਕ ਪੜ੍ਹਦਾ ਨਹੀਂ। ਪੜ੍ਹਨਾ ਛੱਡ ਗਏ, ਇਹ ਬਿਲਕੁਲ ਹੀ ਪੜ੍ਹਨਾ ਛੱਡ ਗਏ। ਉਹਦੀ ਜਗ੍ਹਾ ਲੈ ਲਈ

ਦਾਰੂ ਨੇ। ਸਾਡੇ ਇੱਕ ਨਾਵਲਕਾਰ ਮਿੱਤਰ ਨੇ ਦੱਸਿਆ ਕਿ ਗੋਸ਼ਠੀਆਂ ਦੇ ਪੈਕੇਜ ਨੇ ਲੁਧਿਆਣੇ ਵਿੱਚ ਕਿ ਤੁਸੀਂ ਕਿਹੜੀ ਗੋਸ਼ਠੀ ਕਰਵਾਉਣੀ ਹੈ, ਪੰਜਾਬੀ ਭਵਨ ਵਾਲ਼ੀ, ਥ੍ਰੀ ਸਟਾਰ ਵਾਲ਼ੀ ਜਾਂ ਫਾਈਵ ਸਟਾਰ ਵਾਲ਼ੀ ਤੇ ਉਹਨਾਂ ਦੇ ਅੱਡ-ਅੱਡ ਪੈਸੇ ਲੱਗਦੇ ਨੇ। ਫਿਰ ਉੱਥੇ ਚੰਗੀ ਦਾਰੂ ਚੱਲਦੀ ਹੈ ਤੇ ਪੀਕੇ ਇਹਨਾਂ ਦੀਆਂ ਪੱਗਾਂ ਡਿੱਗੀਆਂ ਹੁੰਦੀਆਂ ਨੇ, ਲਾਲ਼ਾਂ ਚੌਂਦੀਆਂ ਹੁੰਦੀਆਂ ਨੇ। ਇਹ ਸਾਡੇ ਲੇਖਕ ਨੇ। ਗੁਰਸ਼ਰਨ ਸਿੰਘ ਕਹਿੰਦੇ ਇੱਕ ਵਾਰ ਮੈਂ ਗਿਆ ਇੱਕ ਲੇਖਕ ਸਭਾ ਵਿੱਚ। ਫਿਰ ਇਹਨਾਂ ਸਾਰਿਆਂ ਨੇ ਦਾਰੂ ਪੀਤੀ। ਦਾਰੂ ਪੀ ਕੇ ਇੱਕ ਲੇਖਕ ਸੜਕ ਦੇ ਕੰਢੇ ਖੜ੍ਹਕੇ ਪਿਸ਼ਾਬ ਕਰਨ ਲੱਗ ਪਿਆ, ਦੂਜਾ ਬੰਦਾ ਆਇਆ ਤੇ ਉਹਦੇ ਨਾਲ਼ ਮੁਕਾਬਲਾ ਕਰਨ ਲੱਗ ਪਿਆ ਕਿ ਕਿਹਦੀ ਧਾਰ ਜ਼ਿਆਦਾ ਦੂਰ ਜਾਂਦੀ ਹੈ ਤੇ ਫਿਰ ਥੋੜੀ ਦੇਰ ਨੂੰ ਸਾਰੇ ਲੇਖਕ ਹੀ ਇਹ ਕਰਨ ਲੱਗ ਪਏ। ਇਹੋ ਜਿਹਾ ਸਾਡਾ ਲੇਖਕ ਹੈ ਤੇ ਇਹਨਾਂ ਤੋਂ ਅਸੀਂ ਕੀ ਉਮੀਦ ਕਰ ਸਕਦੇ ਹਾਂ। ਸਾਰਾ ਕੁੱਝ ਬਿਲਕੁਲ ਸਤਹੀ ਲਿਖਦੇ ਨੇ ਇਕਦਮ ਓਪਰਾ-ਓਪਰਾ। ਇਹ ਸਾਡੇ ਸਮਾਜ ਦੀ ਇੱਕ ਤਰਾਸਦੀ ਹੈ। ਜ਼ਿਆਦਾਤਰ ਸਾਥੀ ਲੇਟਕੇ ਪੜ੍ਹਦੇ ਨੇ ਹੁਣ ਜਿਹੜਾ ਲੇਟਕੇ ਪੜ੍ਹਦਾ ਹੈ ਉਹਦਾ ਗਿਆਨ ਵੀ ਲੇਟਿਆ ਹੁੰਦਾ ਹੈ। ਜੇ ਪੁੱਛੀਏ ਕਿ ਕੀ ਪੜ੍ਹਿਆ ਸੀ ਤਾਂ ਸਾਥੀ ਕਹਿੰਦੇ ਨੇ ਕਿ ਪੜ੍ਹਿਆ ਤਾਂ ਬਹੁਤ ਕੁੱਝ ਸੀ ਪਰ ਯਾਦ ਨਹੀਂ ਕੀ ਪੜ੍ਹਿਆ ਸੀ। ਇਸ ਲਈ ਜਦ ਪੜ੍ਹਨਾ ਹੋਵੇ ਤਾਂ ਨੋਟਸ ਲੈ ਕੇ ਪੜ੍ਹੋ ਅਤੇ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਟੇਬਲ ਤੇ ਕੁਰਸੀ 'ਤੇ ਬੈਠਾ ਪੜ੍ਹਿਆ ਜਾਵੇ। ਬਹੁਤਾ ਮਹਿੰਗਾ ਟੇਬਲ ਨਹੀਂ ਲੈ ਸਕਦੇ ਤਾਂ ਸਸਤਾ ਜਿਹਾ ਬਣਵਾ ਲਵੋ। ਬੈਠਣ ਦੀ ਆਦਤ ਪਾਉਣੀ ਚਾਹੀਦੀ ਹੈ ਜਿਵੇਂ ਯੂਰਪੀ ਲੋਕ 12-12 ਘੰਟੇ ਬੈਠਕੇ ਪੜ੍ਹ ਸਕਦੇ ਨੇ ਸਾਡਾ ਬੰਦਾ 2 ਘੰਟੇ ਨਹੀਂ ਪੜ੍ਹ ਸਕਦਾ। ਆਪਣੇ ਇੱਥੇ ਜੇ ਲੰਮੀ ਗੱਲਬਾਤ ਚੱਲੇ ਤਾਂ ਲੋਕੀਂ ਆਪਣੇ ਦਿਮਾਗ ਦੇ ਸਵਿੱਚ ਆਫ਼ ਕਰ ਲੈਂਦੇ ਨੇ ਸੁਣਨਾ ਬੰਦ ਕਰ ਦਿੰਦੇ ਹਨ ਪਰ ਸਿਰ ਹਿਲਦਾ ਰਹਿੰਦਾ ਹੈ ਬੋਲਣ ਵਾਲ਼ੇ ਨੂੰ ਲੱਗਦੈ ਕਿ ਮੇਰੀ ਗੱਲ ਬਹੁਤ ਧਿਆਨ ਸੁਣ ਰਿਹਾ ਹੈ ਪਰ ਅਸਲ 'ਚ ਸਵਿੱਚ ਆਫ ਹੁੰਦੈ ਉਹਨਾਂ ਦਾ। ਕਿਉਂਕਿ ਦਿਮਾਗ ਇੱਕ ਸਮੇਂ ਬਾਅਦ ਜਵਾਬ ਦੇ ਜਾਂਦਾ ਹੈ। ਹੁਣ ਆਪਣੇ ਸੈਮੀਨਾਰ-ਗੋਸ਼ਠੀਆਂ ਦਾ ਕੀ ਹਾਲ ਹੈ ? ਸੈਮੀਨਾਰ ਦੀ ਪ੍ਰੀਭਾਸ਼ਾ ਹੀ ਬਦਲ ਦਿੱਤੀ ਗਈ ਹੈ। ਸੈਮੀਨਾਰ ਘੱਟੋ-ਘੱਟ ਤਿੰਨ ਜਾਂ ਪੰਜ ਦਿਨ ਦਾ ਹੁੰਦਾ ਹੈ। ਪੇਪਰਾਂ ਦਾ ਅਦਾਨ ਪ੍ਰਦਾਨ ਹੁੰਦਾ ਹੈ ਜਿਹਦੇ 'ਤੇ ਖੁੱਲ੍ਹਕੇ ਬਹਿਸ ਹੁੰਦੀ ਹੈ। ਕਿਸੇ ਵੀ ਬੰਦੇ ਨੂੰ ਉਸ ਵਿਸ਼ੇ 'ਤੇ ਬੋਲਣ ਦਾ ਪੂਰਾ ਸਮਾਂ ਦਿੱਤਾ ਜਾਂਦੈ ਕਿ ਉਹ ਪੂਰਾ ਖੁੱਲ੍ਹ ਕੇ ਬੋਲੇ ਤਾਂ ਕਿ ਕਿਸੇ ਨੂੰ ਇਹ ਸ਼ਿਕਾਇਤ ਨਾ ਰਹੇ ਕਿ ਉਸਨੂੰ ਬੋਲਣ ਦਾ ਸਮਾਂ ਨਹੀਂ ਦਿੱਤਾ। ਗੋਸ਼ਠੀ ਇੱਕ ਦਿਨ ਦੀ ਹੁੰਦੀ ਹੈ ਜਿਵੇਂ ਕਿ ਅੱਜ ਇਹ ਗੋਸ਼ਠੀ ਹੈ ਕਿ ਥੋੜੇ ਸਮੇਂ ਵਿੱਚ ਆਪਾਂ ਆਪਣੀ ਗੱਲ ਨਿਬੇੜਨੀ ਹੈ। ਹੁਣ ਇਸ ਤਰ੍ਹਾਂ ਦੇ ਸੈਮੀਨਾਰ ਹੁੰਦੇ ਹੀ ਨਹੀਂ ਜੇ ਕਦੇ ਹੁੰਦੇ ਹਨ ਤਾਂ ਉਹਨਾਂ 'ਚ ਕਦੇ ਕੋਈ ਬਹਿਸ ਨਹੀਂ ਹੁੰਦੀ। ਕਦੇ ਨਿੱਠਕੇ ਬਹਿਸ ਕਰਨੀ ਸਾਡੇ ਸੰਸਕਾਰਾਂ 'ਚ ਹੀ ਨਹੀਂ ਸਾਡੇ ਸੰਸਕਾਰ ਹਨ ਚਾਪਲੂਸੀ ਦੇ, ਤਾਰੀਫ਼ ਦੇ ਪੁੱਲ ਬੰਨਣੇ। ਜਿਵੇਂ ਆਪਣੇ ਮੁਸ਼ਾਇਰਾ ਸ਼ੁਰੂ ਹੁੰਦਾ

ਹੈ ਤਾਂ ਸ਼ਾਇਰ ਕਹਿੰਦਾ ਹੈ ਅਰਜ਼ ਕੀਆ ਹੈ ਤੇ ਸਰੋਤੇ ਕਹਿੰਦੇ ਹਨ ਵਾਹ-ਵਾਹ-ਵਾਹ, ਜਦਕਿ ਅਰਜ਼ ਕਰਨਾ ਹਾਲ਼ੇ ਬਾਕੀ ਹੁੰਦਾ ਹੈ। ਫਿਰ ਜਦੋਂ ਅਰਜ਼ ਕਰਦਾ ਹੈ ਤਾਂ ਫਿਰ ਵਾਹ-ਵਾਹ-ਵਾਹ। ਕੋਈ ਅਲੋਚਨਾ ਨਹੀਂ ਕਰਦਾ ਕਿ ਜਿਹੜੀ ਤੁਸੀਂ ਗੱਲ ਕਹੀ ਮੈਨੂੰ ਹਜ਼ਮ ਨਹੀਂ ਹੋਈ ਕਿ ਆਹ ਗੱਲ ਗ਼ਲਤ ਹੈ। ਸਾਡਾ ਕੋਈ ਵੀ ਲੇਖਕ ਆਪਣੀ ਅਲੋਚਨਾ ਨਹੀਂ ਸੁਣਨਾ ਚਾਹੁੰਦਾ। ਇਸ ਵਿੱਚ ਬੇਇੱਜ਼ਤੀ ਮੰਨਦਾ ਹੈ। ਹੁਣ ਬਹਿਸ ਕਿਉਂ ਨਹੀਂ ਕਰਦੇ ਕਿਉਂਕਿ ਸਾਡੇ ਲੋਕ ਗਿਆਨ ਨੂੰ ਨਿੱਜੀ ਸੰਪੱਤੀ ਸਮਝਦੇ ਹਨ। ਜਿਵੇਂ ਹੁਣ ਮੈਂ ਇੱਥੇ ਬੋਲ ਰਿਹੈਂ ਇਹ ਮੇਰਾ ਗਿਆਨ ਥੋੜੇ ਹੀ ਹੈ! ਇਹ ਸਾਰੀ ਮਾਨਵਤਾ ਦਾ ਗਿਆਨ ਹੈ। ਗਿਆਨ ਤਾਂ ਸਾਰਾ ਸਮਾਜ ਸਿਰਜਦਾ ਹੈ ਬਸ ਕੁੱਝ ਲੋਕ ਪੜ੍ਹ ਲੈਂਦੇ ਹਨ ਤੇ ਇਹ ਉਹਨਾਂ ਕੋਲ਼ ਆ ਜਾਂਦਾ ਹੈ। ਗਿਆਨ ਦੇ ਸਿਰਜਕ ਤਾਂ ਕਿਰਤੀ ਲੋਕ ਹੁੰਦੇ ਹਨ। ਇਸ ਵਿਸ਼ੇ 'ਤੇ ਫਿਰ ਕਿਤੇ ਵਿਸਥਾਰ ਨਾਲ਼ ਗੱਲ ਕੀਤੀ ਜਾ ਸਕਦੀ ਹੈ। ਮੂਲ ਗੱਲ ਹੈ ਕਿ ਗਿਆਨ ਦੁਨੀਆਂ ਨੂੰ ਬਿਹਤਰ ਬਣਾਉਣ ਦਾ ਸੰਦ ਹੈ। ਗਿਆਨ ਕੋਈ ਇੱਜ਼ਤ-ਮਾਣ ਦਾ, ਹੰਕਾਰ ਦਾ ਜਾਂ ਈਗੋ ਦਾ ਸਾਧਨ ਨਹੀਂ ਹੈਗਾ। ਪਰ ਜ਼ਿਆਦਾਤਰ ਸਾਡੇ ਬੁੱਧੀਜੀਵੀ ਇਹ ਨਹੀਂ ਮੰਨਦੇ। ਹੁਣ ਅਸੀਂ ਸੱਦਦੇ ਹਾਂ ਕਿ ਆਓ ਅਸੀਂ ਇਸ ਖਾਸ ਵਿਸ਼ੇ 'ਤੇ ਬਹਿਸ ਕਰਦੇ ਹਾਂ ਕਿ ਤੁਸੀਂ ਆਪਣੇ ਵਿਚਾਰ ਰੱਖੋ, ਅਸੀਂ ਆਪਣੇ ਵਿਚਾਰ ਰੱਖਾਂਗੇ ਤੇ ਸੁਣਨ ਵਾਲ਼ੇ ਲੋਕ ਨਿਰਣਾ ਕਰਨਗੇ ਕਿ ਕਿਸ ਦੇ ਵਿਚਾਰ ਸਹੀ ਹਨ? ਪਰ ਉਹ ਨਹੀਂ ਆਉਂਦੇ ਤੇ ਆਉਂਦੇ ਕਿਉਂ ਨਹੀਂ ਕਿਉਂਕਿ ਉਹ ਇਸ ਗੱਲ ਦੀ ਬੇਇੱਜ਼ਤੀ ਮੰਨਦੇ ਹਨ ਕਿ ਜੇ ਕਿਤੇ ਬਹਿਸ ਵਿੱਚ ਸਾਡੇ ਤਰਕ ਕਮਜ਼ੋਰ ਪੈ ਗਏ, ਅਸੀਂ ਹਾਰ ਗਏ ਤਾਂ ਸਾਡੀ ਇੱਜ਼ਤ ਜਾਂਦੀ ਲੱਗੂਗੀ। ਕਿਉਂਕਿ ਗਿਆਨ ਹੁਣ ਇੱਕ ਅਹੁਦਾ ਬਣਾ ਲਿਆ ਗਿਆ ਹੈ। ਥੋੜੇ ਜਿਹੇ ਗਿਆਨ ਦੇ ਬੂਤੇ ਦੋ-ਚਾਰ ਚੇਲੇ-ਬਾਲਕੇ ਇਕੱਠੇ ਕੀਤੇ ਹੁੰਦੇ ਹਨ। ਤੁਸੀਂ ਅਜਿਹੇ ਕਿਸੇ ਗੁਰੂ ਨੂੰ ਉਹਦੇ ਚੇਲਿਆਂ ਸਾਹਮਣੇ ਰਗੜ ਦੇਵੋ, ਉਹਦੇ ਚੇਲੇ ਕਨਫਿਊਜ਼ ਹੋ ਜਾਣਗੇ। ਉਹਨੂੰ ਬਾਈ-ਬਾਈ ਕਹਿਣਾ ਬੰਦ ਕਰ ਦੇਣਗੇ ਤੇ ਤੁਹਾਡੇ ਨਾਲ਼ ਆ ਜਾਣਗੇ।

ਬਾਕੀ ਜੇ ਬਹਿਸ 'ਚ ਪਵੋਂ ਤਾਂ ਤੁਹਾਨੂੰ ਪੜ੍ਹਨਾ ਪਵੇਗਾ ਤੇ ਪੜ੍ਹਨਾ ਸਾਧਨਾ ਹੁੰਦੀ ਹੈ, ਤਪੱਸਿਆ ਹੁੰਦੀ ਹੈ। ਸਾਡੇ ਯੋਗੀ, ਰਿਸ਼ੀ ਕਿਸੇ ਸਮੇਂ ਕਰਦੇ ਸਨ, ਬਹਿਸਾਂ ਵੀ ਕਰਦੇ ਸਨ ਤੇ ਗੋਸ਼ਠੀਆਂ ਵੀ ਕਰਦੇ ਸਨ ਫਿਰ ਉਹ ਪਰੰਪਰਾ ਕਮਜ਼ੋਰ ਪੈ ਗਈ ਟੁੱਟ ਗਈ ਜਿਹਦੇ ਕਰਕੇ ਅੱਜ ਆਪਣੀ ਇਹ ਹਾਲਤ ਹੈ।....

ਸਾਡੇ ਭਾਰਤ ਨੂੰ ਇੱਕ ਧਾਰਮਿਕ ਦੇਸ਼ ਕਿਹਾ ਜਾਂਦਾ ਹੈ। ਪਰ ਅਸਲੀਅਤ ਦੇਖੀਏ ਤਾਂ ਧਾਰਮਿਕ ਦਰਸ਼ਨ ਤਾਂ ਆਪਣੇ ਥੋੜ੍ਹੇ ਹੀ ਨੇ, ਹਿੰਦੂ, ਜੈਨ ਤੇ ਬੁੱਧ ਹੈ, ਸਿੱਖ ਧਰਮ ਹਿੰਦੂ ਧਰਮ ਦਾ ਹੀ ਵਧਾਅ ਹੈ ਤੇ ਇਸਲਾਮ ਬਾਹਰੋਂ ਆਇਆ। ਪਰ ਸਾਡੇ ਜੋ ਭੌਤਿਕਵਾਦੀ ਫਲਸਫੇ ਨੇ, ਪਦਾਰਥਵਾਦੀ ਫਲਸਫੇ ਬਹੁਤ ਜ਼ਿਆਦਾ ਨੇ। ਚਾਰਵਾਕ ਦਰਸ਼ਨ ਹੈ, ਸਾਂਖਯ ਦਰਸ਼ਨ ਹੈ, ਲੋਕਾਇਤ ਸਿਗੇ ਕੁੱਲ ਮਿਲਾਕੇ ਪੰਜ ਸਿਗੇ। ਬੁੱਧ ਧਰਮ ਅਰਧ-ਭੌਤਿਕਵਾਦੀ ਹੈ ਕਿਉਂਕਿ ਉਹ ਰੱਬ ਦੀ ਹੋਂਦ ਨੂੰ ਨਹੀਂ ਮੰਨਦਾ। ਸਾਡੇ ਜਿੰਨੇ ਧਾਰਮਿਕ ਫਲਸਫੇ ਹੋਏ ਉਸ ਤੋਂ ਵੱਧ

ਪਦਾਰਥਵਾਦੀ ਫਲਸਫੇ ਹੋਏ, ਮਤਲਬ ਜਿਹੜੇ ਰੱਬ ਦੀ ਹੋਂਦ ਨੂੰ ਨਕਾਰਦੇ ਹਨ, ਧਰਮ ਨੂੰ ਨਹੀਂ ਮੰਨਦੇ ਉਹ ਸਾਡੇ ਮੁਲਕ 'ਚ ਜ਼ਿਆਦਾ ਹੋਏ ਹਨ। ਸਾਡੇ ਇੱਥੇ ਪੜ੍ਹਾਈ-ਲਿਖਾਈ, ਵਾਸਤੂਕਲਾ, ਕਲਾ, ਸਾਹਿਤ ਬਹੁਤ ਸਮਰਿੱਧ ਸੀ। ਜਿਵੇਂ ਖੁਜਰਾਹੋ ਦੇ ਮੰਦਰ ਵੇਖੇ ਜਾਣ ਤਾਂ ਆਦਮੀ ਹੈਰਾਨ ਰਹਿ ਜਾਂਦਾ ਹੈ ਜੋ ਕਰੀਬ 900 ਈਸਵੀ ਦੇ ਆਸਪਾਸ ਬਣੇ ਹੋਏ ਹਨ ਤੇ ਇੰਨੀ ਬਰੀਕ ਨੱਕਾਸ਼ੀ ਹੈ ਕਿ ਉਸ ਤੋਂ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਮਨੁੱਖ ਇੱਥੇ ਕਿਸੇ ਸਮੇਂ ਕਿੰਨਾ ਵਿਕਸਤ ਸੀ। ਤਾਜ ਮਹਿਲ ਦੇਖਿਆ ਜਾਵੇ ਤਾਂ ਮਨੁੱਖ ਦੇ ਹੱਥਾਂ 'ਤੇ ਮਾਣ ਹੁੰਦਾ ਹੈ ਕਿ ਮਨੁੱਖ ਇੰਨੇ ਚਮਤਕਾਰ ਵੀ ਕਰ ਸਕਦੈ। ਜਿਵੇਂ ਇਹ ਸਾਰੀ ਪ੍ਰਕਿਰਿਆ ਭਗਤੀ ਅੰਦੋਲਨ ਤੋਂ ਹਾਲ਼ੇ ਚੱਲ ਹੀ ਰਹੀ ਸੀ। ਭਗਤੀ ਲਹਿਰ ਦਾ ਆਮ ਲੋਕਾਂ 'ਤੇ ਪ੍ਰਭਾਵ ਸੀ। ਭਗਤਾਂ ਨੇ ਜਾਤ-ਪਾਤ ਦੇ ਖਿਲਾਫ਼ ਬੋਲਿਆ, ਧਾਰਮਿਕ ਕੱਟੜਤਾ ਦੇ ਖਿਲਾਫ਼ ਲਿਖਿਆ ਪਰ ਅੱਗੇ ਚੱਲਕੇ ਸਾਡਾ ਦੇਸ਼ ਗੁਲਾਮ ਬਣ ਗਿਆ। ਸਾਡਾ ਦੇਸ਼ ਅੱਜ ਅਜਿਹਾ ਕਿਉਂ ਬਣ ਗਿਆ, ਇਸਦੇ ਬੀਜ ਉਸ ਗ਼ੁਲਾਮੀ ਵਿੱਚ ਪਏ ਹਨ ਜੋ ਆਪਾਂ ਸੌ ਸਾਲ ਹੰਢਾਈ ਹੈ। ਮਨੁੱਖ ਦਾ ਸਮੁੱਚਾ ਬੌਧਿਕ ਤੇ ਸ਼ਰੀਰਿਕ ਵਿਕਾਸ ਕੁਦਰਤ ਨਾਲ਼ ਸੰਘਰਸ਼ ਵਿੱਚੋਂ ਪੈਦਾ ਹੁੰਦਾ ਹੈ। ਮਨੁੱਖ ਪੈਦਾਵਾਰ ਕਰਦਾ ਹੈ ਪਰ ਬਾਕੀ ਜੀਵ ਪੈਦਾਵਾਰ ਨਹੀਂ ਕਰਦੇ। ਬਾਕੀ ਜੀਵ ਆਪਣੇ ਅੰਗਾਂ ਦਾ ਇਸਤੇਮਾਲ ਕਰਦੇ ਹਨ ਪਰ ਮਨੁੱਖ ਪਹਿਲਾਂ ਹੱਥਾਂ ਦਾ ਇਸਤੇਮਾਲ ਕਰਦਾ ਸੀ, ਫਿਰ ਡੰਡੇ ਦਾ, ਪੱਥਰਾਂ ਦਾ ਫਿਰ ਹੋਰ ਸੰਦਾਂ ਜਿਵੇਂ ਮਾਰਕਸ ਨੇ ਲਿਖਿਆ ਇਹ ਔਜ਼ਾਰ ਬਣਾਉਣ ਵਾਲ਼ਾ ਜਾਨਵਰ ਹੈ। ਔਜ਼ਾਰ ਬਣਾਉਂਦਾ-ਬਣਾਉਂਦਾ ਇਹ ਔਜ਼ਾਰ ਬਾਰੇ ਸਿੱਖਦਾ ਗਿਆ। ਇੱਥੋਂ ਮਨੁੱਖ ਦੇ ਗਿਆਨ ਦਾ ਵਿਕਾਸ ਹੁੰਦਾ ਗਿਆ। ਮਨੁੱਖ ਕੁਦਰਤ ਨੂੰ ਹੋਰ ਜ਼ਿਆਦਾ ਸਮਝਦਾ ਗਿਆ। ਮਨੁੱਖ ਬ੍ਰਹਿਮੰਡ ਨੂੰ ਸਮਝਦਾ ਗਿਆ ਉਹਦੇ 'ਤੇ ਕਾਬੂ ਪਾਉਂਦਾ ਗਿਆ। ਕਹਿਣ ਦਾ ਮਤਲਬ ਜਾਨਵਰ ਕੁਦਰਤ ਵੱਲੋਂ ਜੋ ਵੀ ਮਿਲਦਾ ਹੈ ਉਸ ਨੂੰ ਉਵੇਂ ਹੀ ਹਾਸਲ ਕਰ ਲੈਂਦੇ ਹਨ ਪਰ ਮਨੁੱਖ ਕੁਦਰਤ ਤੋਂ ਹਾਸਲ ਕਰਕੇ ਉਸਨੂੰ ਬਦਲ ਕੇ ਵਰਤੋਂ ਕਰਦਾ ਹੈ। ਜਿਵੇਂ ਉਹ ਆਪਣੇ ਰਹਿਣ ਲਈ ਘਰ ਬਣਾਉਂਦਾ ਹੈ, ਭੋਜਨ ਬਣਾਉਂਦਾ ਹੈ। ਕੁਦਰਤ ਤੋਂ ਸਿੱਧੀਆਂ ਹਾਸਲ ਚੀਜ਼ਾਂ ਨੂੰ ਆਪਣੀਆਂ ਵਰਤੋਂ ਦੀਆਂ ਚੀਜ਼ਾਂ ਵਿੱਚ ਬਦਲਣਾ, ਇਸ ਨੂੰ ਪੈਦਾਵਾਰ ਕਿਹਾ ਜਾਂਦਾ ਹੈ। ਪੈਦਾਵਾਰ ਦੀ ਪ੍ਰਕਿਰਿਆ ਵਿੱਚ ਮਨੁੱਖ ਕੁਦਰਤ ਬਾਰੇ ਹੋਰ ਜਾਣਦਾ ਹੈ। ਉਸਦੇ ਭੇਤਾਂ ਬਾਰੇ, ਹੋਰ ਡੂੰਘਾ ਗਿਆਨ ਹਾਸਲ ਕਰਦਾ ਹੈ ਤੇ ਉਵੇਂ-ਉਵੇਂ ਹੀ ਇਸ 'ਤੇ ਕਾਬੂ ਪਾਈ ਜਾਂਦਾ ਹੈ। ਜਿਨਾਂ ਮਨੁੱਖ ਕੁਦਰਤ ਨਾਲ਼ ਸੰਘਰਸ਼ ਕਰਦਾ ਹੈ, ਉਵੇਂ ਹੀ ਉਹਦਾ ਬੌਧਿਕ ਅਤੇ ਭੌਤਿਕ ਵਿਕਾਸ ਹੁੰਦਾ ਹੈ। ਜਿਵੇਂ ਗੀਤ ਦੀ ਸ਼ੁਰੂਆਤ ਕਿੱਥੋਂ ਹੁੰਦੀ ਹੈ ? ਜਦ ਪੁਰਾਣੇ ਸਮੇਂ ਵਿੱਚ ਸ਼ਿਕਾਰੀਆਂ ਨੂੰ ਢਿੱਡ ਭਰਕੇ ਖਾਣ ਨੂੰ ਮਿਲਦਾ ਸੀ ਤਾਂ ਉਹ ਕੂਕਾਂ ਮਾਰਦੇ ਸਨ। ਇਹ ਕੂਕਾਂ ਮੁੜਕੇ ਗੀਤ ਬਣੇ। ਜਿਹੜੇ ਔਜ਼ਾਰਾਂ ਨਾਲ਼ ਉਹ ਕੰਮ ਕਰਦੇ ਸਨ ਉਹਨਾਂ ਦੀਆਂ ਅਵਾਜ਼ਾਂ ਨੂੰ ਲੈਅਬੱਧ ਕਰਨ ਨਾਲ਼ ਸੰਗੀਤ ਬਣਿਆ। ਅਜਿਹੀਆਂ ਉਦਾਹਰਣਾਂ ਜਾਨਵਰਾਂ ਵਿੱਚ ਵੀ ਦੇਖੀਆਂ ਜਾ ਸਕਦੀਆਂ ਹਨ।....

ਫਿਰ ਆਪਾਂ ਮੂਲ ਗੱਲ ’ਤੇ ਆਉਂਦੇ ਹਾਂ ਕਿ ਮਨੁੱਖ ਦਾ ਬੌਧਿਕ ਵਿਕਾਸ ਜੋ ਹੈ ਉਹ ਕੁਦਰਤ ਨਾਲ਼ ਸੰਘਰਸ਼ ਨਾਲ਼ ਜੁੜਿਆ ਹੋਇਆ ਹੈ। ਜਿਨਾਂ ਉਹ ਆਪਣੇ ਕੁਦਰਤ ਨੂੰ ਬਦਲਣ ਦੇ ਔਜ਼ਾਰਾਂ ਨੂੰ ਵਿਕਸਤ ਕਰਦਾ ਜਾਂਦਾ ਹੈ ਉਨਾਂ ਹੀ ਉਹ ਖ਼ੁਦ ਵਿਕਸਤ ਹੁੰਦਾ ਜਾਂਦਾ ਹੈ। ਹੁਣ ਜਦੋਂ ਅੰਗ੍ਰੇਜ਼ ਆਏ ਤਾਂ ਸਭ ਤੋਂ ਪਹਿਲਾਂ ਉਹਨਾਂ ਕੀ ਕੀਤਾ ? ਸਾਡੇ ਔਜ਼ਾਰ ਤਬਾਹ ਕੀਤੇ, ਸਾਡੇ ਜੋ ਕਾਰਖਾਨੇ ਉੱਗ ਰਹੇ ਸਨ ਉਹ ਰੋਕੇ। ਸਾਡਾ ਸਮਾਜ ਜਗੀਰਦਾਰੀ ਤੋਂ ਸਰਮਾਏਦਾਰੀ ਵੱਲ ਨੂੰ ਵਿਕਸਤ ਹੋ ਰਿਹਾ ਸੀ ਤੇ ਇਹ ਸਾਰੇ ਇਤਿਹਾਸਕਾਰਾਂ ਨੇ ਲਿਖਿਆ। ਮਤਲਬ ਬਹੁਤ ਇੱਕ ਵੱਡੇ ਸਰਮਾਏਦਾਰਾ ਵਿਕਾਸ ਦੇ ਬੀਜ ਇੱਥੇ ਮੌਜੂਦ ਸਨ। ਅੰਗ੍ਰੇਜ਼ਾਂ ਨੇ ਉਹ ਬੀਜ ਨਸ਼ਟ ਕੀਤੇ। ਸਾਡੀ ਘਰੇਲੂ ਸਨਅਤ ਸਾਰੀ ਤਬਾਹ ਕਰ ਦਿੱਤੀ ਗਈ। ਫਿਰ ਪੂਰੇ ਦੇਸ਼ ’ਤੇ ਕਬਜ਼ਾ ਕੀਤਾ। ਸਾਡੀ ਸਨਅਤ ਤੇ ਖੇਤੀ ਤਬਾਹ ਕਰਕੇ ਉਹਨਾਂ ਆਪਣਾ ਮਾਲ ਲਿਆ ਕੇ ਇੱਥੇ ਸੁੱਟਣਾ ਸ਼ੁਰੂ ਕੀਤਾ। ਢਾਕੇ ਦੀ ਮਲਮਲ ਤਬਾਹ ਕਰ ਦਿੱਤੀ ਗਈ। ਕਾਰੀਗਰਾਂ ਦੇ ਹੱਥ ਵੱਢੇ ਗਏ। ਹਿੰਦੋਸਤਾਨ ਦੀ ਸਾਰੀ ਦਸਤਕਾਰੀ ਤਬਾਹ ਹੋਈ। ਅੰਗ੍ਰੇਜ਼ ਜਦੋਂ ਆਏ ਤਾਂ ਉਹਨਾਂ ਕੋਲ਼ ਬਹੁਤ ਥੋੜੀ ਫ਼ੌਜ ਸੀ। ਭਾਰਤ ਵਿੱਚ ਉਸ ਸਮੇਂ 575 ਰਿਆਸਤਾਂ ਸਨ। ਜਿਹਨਾਂ ਵਿੱਚੋਂ ਕੁੱਝ ਲੋਕ, ਰਾਣੀ ਝਾਂਸੀ ਵਰਗੇ ਲੋਕ ਹੀ ਲੜੇ ਜੋ ਹਰਾ ਦਿੱਤੇ ਗਏ ਤੇ ਬਾਕੀ ਰਾਜੇ ਅੰਗ੍ਰੇਜ਼ਾਂ ਨਾਲ਼ ਸਮਝੌਤਾ ਕਰ ਗਏ। ਅੰਗ੍ਰੇਜ਼ ਉਹਨਾਂ ਰਾਜਿਆਂ ਰਾਹੀਂ ਸਾਡੇ ’ਤੇ ਰਾਜ ਕਰਦੇ ਸਨ। ਇਹਨਾਂ ਰਾਜਿਆਂ ਦੀਆਂ ਫ਼ੌਜਾਂ ਵਰਤਦੇ ਮਤਲਬ ਇੱਕ ਸਾਮਰਾਜਵਾਦੀ ਤੇ ਜਗੀਰੂ ਗੱਠਜੋੜ ਬਣਿਆ ਤੇ ਉਹਦੇ ਰਾਹੀਂ ਸਾਡੇ ’ਤੇ ਹਕੂਮਤ ਕੀਤੀ ਜਾਂਦੀ ਸੀ। ਇਹਦੇ ਹੀ ਵਿੱਚ ਉਹਨਾਂ ਨੇ ਆਪਣਾ ਵਿਦਿਅਕ ਪ੍ਰਬੰਧ ਲਿਆਂਦਾ। ਲਾਰਡ ਮੈਕਾਲੇ ਨੇ ਇਸਦੀ ਨੀਂਹ ਰੱਖੀ, ਜਿਸ ਮੁਤਾਬਕ ਅਸੀਂ ਅਜਿਹੇ ਹਿੰਦੋਸਤਾਨੀ ਤਿਆਰ ਕਰਨੇ ਹਨ ਜੋ ਸੋਚ ਪੱਖੋਂ ਤਾਂ ਅੰਗ੍ਰੇਜ਼ ਹੋਣ ਪਰ ਸ਼ਕਲੋਂ ਭਾਰਤੀ ਹੋਣ, ਮਤਲਬ ਕਿ ਬੌਧਿਕ ਗ਼ੁਲਾਮ ਹੋਣ। ਹੁਣ ਉਸ ਵਕਤ ਪੜ੍ਹਨ ਲਿਖਣ ਦਾ ਮੌਕਾ ਪੈਸੇ ਵਾਲ਼ੇ ਨੂੰ ਮਿਲਦਾ ਸੀ ਤੇ ਪੜ੍ਹਨ ਲਿਖਣ ਵਾਲ਼ੇ ਰਾਜੇ ਰਜਵਾੜੇ ਸਨ। ਇਹ ਰਾਜੇ-ਰਜਵਾੜੇ ਉੱਚੀਆਂ ਜਾਤਾਂ ’ਚੋਂ ਸਨ। ਗਿਣਤੀ ਦਾ ਕੋਈ ਇੱਕ-ਅੱਧਾ ਰਾਜਾ ਹੀ ਦਲਿਤਾਂ ’ਚੋਂ ਸੀ। ਇਸ ਲਈ ਉੱਚ ਜਾਤੀਆਂ ਦੇ ਬੱਚੇ ਹੀ ਪੜ੍ਹੇ। ਇੱਥੋਂ ਹੀ ਸਾਡੇ ਬੁੱਧੀਜੀਵੀ ਨਿਕਲੇ। ਹੁਣ ਬੁੱਧੀਜੀਵੀ ਦਾ ਇੱਕ ਰੋਲ ਹੁੰਦਾ ਹੈ ਸਮਾਜ ਵਿੱਚ। ਬੁੱਧੀਜੀਵੀ ਹਰ ਨਵੇਂ ਵਿਚਾਰ ਨੂੰ ਪਹਿਲਾਂ ਗ੍ਰਹਿਣ ਕਰਦਾ ਹੈ ਕਿਉਂਕਿ ਉਸ ਕੋਲ਼ ਮੌਕਾ ਹੁੰਦਾ ਹੈ। ਬੁੱਧੀਜੀਵੀ ਮਤਲਬ ਬੌਧਿਕ ਕੰਮ ਕਰਨ ਵਾਲ਼ਾ। ਹੁਣ ਸਾਡਾ ਬੁੱਧੀਜੀਵੀ ਕਿੱਥੋਂ ਪੈਦਾ ਹੋਇਆ ? ਉਹ ਬਸਤੀਵਾਦ ਦੇ ਗਰਭ ’ਚੋਂ ਪੈਦਾ ਹੋਇਆ। ਬਸਤੀਵਾਦੀ ਬਣਤਰ ’ਚੋਂ ਪੈਦਾ ਹੋਇਆ ਤੇ ਉਹਨਾਂ ਜਾਤਾਂ ਵਿੱਚੋਂ ਪੈਦਾ ਹੋਇਆ ਜੋ ਕਿ ਲੁਟੇਰੀਆਂ ਜਮਾਤਾਂ ਵਿੱਚੋਂ ਸਨ ਯਾਨੀ ਉੱਚ ਜਾਤੀਆਂ ਵਿੱਚੋਂ, ਜਿਹੜੀਆਂ ਹੇਠਲੀਆਂ ਜਾਤਾਂ ਤੇ ਗਰੀਬ ਲੋਕਾਂ ਨੂੰ ਨਫ਼ਰਤ ਕਰਦੀਆਂ ਸਨ। ਪਰ ਪੱਛਮ ਵਿੱਚ, ਯੂਰਪ ਵਿੱਚ ਬੁੱਧੀਜੀਵੀ ਕਿਵੇਂ ਪੈਦਾ ਹੋਇਆ ? ਉਹ ਸਮਾਜ ਦੀ ਕੁਦਰਤੀ ਗਤੀ ਵਿੱਚੋਂ ਪੈਦਾ ਹੋਇਆ। ਜਿਵੇਂ ਸਨਅਤ ਲੱਗਦੀ ਹੈ ਤੇ ਆਪਣੇ ਨਾਲ਼ ਸੇਵਾ

ਖੇਤਰ ਪੈਦਾ ਕਰਦੀ ਹੈ, ਜਗੀਰਦਾਰੀ ਨੂੰ ਤੋੜਦੀ ਹੈ ਤੇ ਜਮਹੂਰੀਅਤ ਦਾ ਵਿਕਾਸ ਕਰਦੀ ਹੈ। ਸਨਅਤੀ ਮਜ਼ਦੂਰ ਕਿਸੇ ਵੀ ਮਾਲਕ ਕੋਲ਼ ਆ ਜਾ ਸਕਦਾ ਹੈ। ਇਥੋਂ ਜਮਹੂਰੀਅਤ ਵਿਕਸਤ ਹੋਈ। ਜਗੀਰਦਾਰੀ ਵਿੱਚ ਕਿਸਾਨ ਜਿਹੜੇ ਮਾਲਕ ਦਾ ਗ਼ੁਲਾਮ ਹੁੰਦਾ ਹੈ ਉਸਨੂੰ ਬਦਲ ਨਹੀਂ ਸਕਦਾ ਸੀ। ਜੇ ਕਿਸੇ ਨੇ ਪੜ੍ਹਿਆ ਹੋਵੇ ਤਾਂ ਅਜਿਹੇ ਕਈ ਗੁਲਾਮਾਂ ਦੇ ਮੱਥੇ 'ਤੇ ਠੱਪਾ ਵੀ ਲੱਗਿਆ ਹੁੰਦਾ ਸੀ ਕਿ ਉਹਦਾ ਮਾਲਕ ਕੌਣ ਹੈ। ਤਾਂ ਕਿ ਉਹ ਉਸੇ ਮਾਲਕ ਕੋਲ਼ ਰਹੇ ਯਾਨੀ ਬੰਧੂਆ ਮਜ਼ਦੂਰ ਹੁੰਦਾ ਸੀ। ਕਹਿਣ ਦਾ ਮਤਲਬ ਕਿ ਸਨਅਤੀ ਵਿਕਾਸ ਪੁਰਾਣੇ ਬੰਧਨਾਂ ਨੂੰ ਤੋੜਦਾ ਹੈ ਅਤੇ ਜਮਹੂਰੀ ਚੇਤਨਾ ਦਾ ਵਿਕਾਸ ਵੀ ਕਰਦਾ ਹੈ। ਜੋ ਉੱਨਤ ਦੇਸ਼ਾਂ ਵਿੱਚ ਬੁੱਧੀਜੀਵੀ ਪੈਦਾ ਹੋਏ ਉਹ ਸਰਮਾਏਦਾਰਾ ਵਿਕਾਸ ਨਾਲ਼ ਪੈਦਾ ਹੋਏ। ਰੂਸੋ, ਦਿਦੇਰੋ, ਵਾਲਤੇਅਰ, ਟਾਮਸ ਪੇਨ, ਜੈਫ਼ਰਸਨ ਜਿਹੇ ਅਨੇਕਾਂ ਹੀ ਨਾਮ ਸਨ। ਇਹ ਬੁੱਧੀਜੀਵੀ ਆਮ ਲੋਕਾਂ ਨਾਲ਼ ਜੁੜੇ ਹੋਏ ਸਨ। ਉਹ ਕਹਿੰਦੇ ਸਨ ਕਿ ਗਿਆਨ ਅਤੇ ਸੱਭਿਆਚਾਰ ਆਮ ਲੋਕਾਂ ਵਿੱਚ ਜਾਣਾ ਚਾਹੀਦਾ ਹੈ। ਸੱਭਿਆਚਾਰ ਦਾ ਮਤਲਬ ਮਨੁੱਖ ਦੀਆਂ ਕਦਰਾਂ ਕੀਮਤਾਂ। ਸੱਭਿਅਤਾ ਤੇ ਸੱਭਿਆਚਾਰ ਵਿੱਚ ਫ਼ਰਕ ਹੈ। ਸੱਭਿਅਤਾ ਦਾ ਮਤਲਬ ਹੈ ਭੌਤਿਕ ਸਮਰਿੱਧੀ, ਭੌਤਿਕ ਉਸਾਰੀ। ਸੱਭਿਆਚਾਰ ਦਾ ਮਤਲਬ ਹੈ ਮਨੁੱਖ ਦਾ ਅੰਦਰੂਨੀ ਸਾਰਤੱਤ ਯਾਨੀ ਮਨੁੱਖ ਦੀ ਅੱਡ-ਅੱਡ ਚੀਜ਼ਾਂ ਪ੍ਰਤੀ ਕੀ ਦ੍ਰਿਸ਼ਟੀ ਹੈ ? ਹੁਣ ਆਪਣੇ ਇੱਥੇ ਜਿਵੇਂ ਪਾਸ਼ ਦੀ ਕਵਿਤਾ ਹੈ, "ਰੱਜ ਰੱਜ ਖਾਣਗੇ ਕਮਾਊ ਹਾਣੀਆ" ਯਾਨੀ ਸਮਾਜਵਾਦ ਦਾ ਮਤਲਬ ਹੈ ਰੱਜ-ਰੱਜ ਕੇ ਖਾਣਾ। ਹੁਣ ਰੱਜ-ਰੱਜ ਕੇ ਤਾਂ ਖਾਣਾ ਹੀ ਨਹੀਂ ਚਾਹੀਦਾ। ਇਹ ਗੈਰ-ਵਿਗਿਆਨਕ ਹੈ ਹਾਂ ਪਰ ਕਿਸੇ ਭੁੱਖੇ ਲਈ ਬਹੁਤ ਵੱਡੀ ਚੀਜ਼ ਹੈ। ਹੁਣ ਉਸੇ ਸਮੇਂ ਜੇ ਅਸੀਂ ਫ਼ਰਾਂਸੀਸੀ ਸਾਹਿਤ ਵਿੱਚ 'ਜਰਮੀਨਲ' ਨਾਵਲ ਦੇ ਨਾਇਕ ਏਤੀਅਨ ਲਾਂਤੇ ਦੀ ਗੱਲ ਕਰੀਏ ਤਾਂ ਉਹ ਕਹਿੰਦਾ ਹੈ, "ਮੈਂ ਚਾਹੁੰਨਾ ਸਾਡੇ ਮਜ਼ਦੂਰਾਂ ਕੋਲ਼ ਉਹ ਸੱਭਿਆਚਾਰ ਹੋਵੇ ਜੋ ਕੁਲੀਨਾਂ ਕੋਲ਼ ਹੈ।" ਕਹਿਣ ਦਾ ਮਤਲਬ ਕਿ ਰੋਜ਼ੀ-ਰੋਟੀ ਤਾਂ ਇੱਕ ਸਾਧਨ ਹੈ ਉਦੇਸ਼ ਨਹੀਂ ਹੈ। ਸਮਾਜਵਾਦ ਦਾ ਮਕਸਦ ਹੈ ਇੱਕ ਚੰਗਾ ਮਨੁੱਖ ਘੜਨਾ। ਜਿਵੇਂ ਕਰੁਪਸਕਾਇਆ ਕਹਿੰਦੀ ਹੈ ਕਿ 'ਇੱਕ ਅਜੇਹੇ ਮਨੁੱਖ ਦੀ ਸਿਰਜਣਾ ਜਿਸਦੀ ਆਤਮਕ ਦੌਲਤ ਬਹੁਤ ਵਿਕਸਤ ਹੋਵੇ।' ਜਿਵੇਂ ਸਾਡੇ ਕੀ ਹੈ ਕਿ ਸਲੀਕਾ ਨਹੀਂ ਹੈ ਕਿਸੇ ਨੂੰ। ਉਦਾਹਰਣ ਲਈ ਅਸੀਂ ਰੋਟੀ ਇਕੱਲੇ-ਇਕੱਲੇ ਖਾਂਦੇ ਹਾਂ। ਰੋਟੀ ਇੱਕ ਢਿੱਡ ਭਰਨ ਦਾ ਸਾਧਨ ਹੈ। ਮਨੁੱਖ ਦੀ ਬੁਨਿਆਦੀ ਲੋੜ ਹੈ ਪਰ ਜਿਵੇਂ-ਜਿਵੇਂ ਸੱਭਿਅਤਾ ਵਿਕਸਤ ਹੋਈ ਰੋਟੀ ਢਿੱਡ ਭਰਨ ਤੋਂ ਸਮਾਜਕ ਸਹਿਕਾਰ ਦਾ ਇੱਕ ਸਾਧਨ ਬਣ ਗਈ। ਯੂਰਪ ਵਿੱਚ ਰਾਤ ਦੀ ਰੋਟੀ 'ਤੇ ਗੋਸ਼ਠੀ ਹੁੰਦੀ ਹੈ। ਟਾਲਸਟਾਏ ਦੇ ਨਾਵਲ ਪੜ੍ਹੀਏ ਤਾਂ ਅੱਜ ਤੋਂ ਡੇਢ ਸੌ ਸਾਲ ਪਹਿਲਾਂ ਇੰਝ ਕਰਦੇ ਸਨ। ਲੋਕੀਂ ਬੈਠਦੇ ਹਨ ਤੇ ਗੱਲਬਾਤ ਕਰਦੇ ਨੇ, ਖਾਣਾ ਖਾਂਦੇ ਨੇ, ਵੱਖ ਵੱਖ ਖੇਤਰਾਂ ਬਾਰੇ ਅਤੇ ਕੁਦਰਤੀ ਤੇ ਸਮਾਜਿਕ ਵਿਗਿਆਨਾਂ ਬਾਰੇ ਗੱਲਬਾਤ ਕਰਦੇ ਹਨ। ਹੁਣ ਜੇ ਕਿਸੇ ਇੱਕ ਬੰਦੇ ਨੇ ਪੜ੍ਹਿਆ ਤਾਂ ਸਿਰਫ਼ ਉਸ ਤੱਕ ਹੀ ਗਿਆਨ ਸੀਮਤ ਹੋ ਜਾਵੇਗਾ ਪਰ ਜੇ ਦਸ ਬੰਦੇ ਪੜ੍ਹਕੇ ਆਪਸੀ ਗੱਲਬਾਤ

ਕਰਦੇ ਹਨ ਤਾਂ ਹਰੇਕ ਦਾ ਗਿਆਨ ਵੱਧਦਾ ਹੈ ਅਤੇ ਉੱਥੇ ਔਰਤਾਂ ਵੀ ਗੱਲਬਾਤ ਵਿੱਚ ਸ਼ਿਰਕਤ ਕਰਦੀਆਂ ਹਨ। ਭਾਰਤ ਵਿੱਚ ਸ਼ਰਤਚੰਦਰ ਦੇ ਨਾਵਲਾਂ ਵਿੱਚ ਥੋੜ੍ਹੀ ਬਹੁਤ ਗੱਲਬਾਤ ਕਰਦੇ ਦਿੱਖਦੇ ਹਨ, ਪਰ ਘੱਟ ਬੋਲਦੇ ਹਨ ਤੇ ਔਰਤਾਂ ਇਸ ਸਭ 'ਚੋਂ ਪਾਸੇ ਰਹਿੰਦੀਆਂ ਹਨ। ਔਰਤਾਂ ਦਾ ਸੰਸਾਰ ਬਹੁਤ ਸੀਮਤ ਹੁੰਦਾ ਹੈ। ਉਹੀ ਚੁੱਲਾ-ਚੌਂਕਾ ਤੇ ਬੱਚੇ ਤੇ ਉਸੇ ਦੁਆਲ਼ੇ ਔਰਤਾਂ ਘੁੰਮਦੀਆਂ ਰਹਿੰਦੀਆਂ ਹਨ। ਉਹਨਾਂ ਦਾ ਕੋਈ ਬੌਧਿਕ ਵਿਕਾਸ ਨਹੀਂ ਹੁੰਦਾ। ਜਦ ਖਾਣੇ ਵਿੱਚ ਵੀ ਸਮੂਹਿਕਤਾ ਆ ਜਾਂਦੀ ਹੈ, ਖਾਣਾ ਗਿਆਨ ਵਧਾਉਣ ਦਾ ਸਾਧਨ ਬਣ ਜਾਂਦਾ ਹੈ ਤਾਂ ਉਹ ਖਾਣਾ ਰਹਿ ਹੀ ਨਹੀਂ ਜਾਂਦਾ। ਇਵੇਂ ਜੇ ਅਸੀਂ ਇਸਤਰੀ ਪੁਰਸ਼ ਸਬੰਧਾਂ ਦੀ ਗੱਲ ਕਰੀਏ ਤਾਂ ਉਹ ਵੀ ਪਾਸ਼ਵਿਕ ਲੋੜ ਹੈ। ਪਰ ਮਨੁੱਖ ਪ੍ਰੇਮ ਕਰਦੇ ਹਨ ਅਤੇ ਇਹ ਪ੍ਰੇਮ ਦਾ ਜਜ਼ਬਾ ਮਨੁੱਖ ਅੰਦਰ ਹਮੇਸ਼ਾਂ ਨਹੀਂ ਸੀ। ਜਦ ਸਰਮਾਏਦਾਰੀ ਦਾ ਵਿਕਾਸ ਹੋਇਆ, ਜਮਹੂਰੀਅਤ ਦਾ ਸੰਕਲਪ ਜਾਗਿਆ, ਜਦ ਮਨੁੱਖ ਨੂੰ ਲੱਗਿਆ ਕਿ ਉਹਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਲੈਣ ਦਾ ਹੱਕ ਹੋਣਾ ਚਾਹੀਦਾ ਹੈ ਤਾਂ ਪ੍ਰੇਮ ਦੀ ਭਾਵਨਾ ਨੇ ਜਨਮ ਲਿਆ। ਪਸ਼ੂਆਂ ਵਿੱਚ ਪ੍ਰੇਮ ਦੀ ਭਾਵਨਾ ਨਹੀਂ ਹੁੰਦੀ। ਆਪਣੇ ਦੇਸ਼ ਵਿੱਚ ਵਿਆਹ ਘਰਾਂ ਦੇ ਬਜ਼ੁਰਗ ਤੈਅ ਕਰ ਦਿੰਦੇ ਹਨ। ਹੁਣ ਇਹ ਪ੍ਰੇਮ ਤਾਂ ਹੈ ਹੀ ਨਹੀਂ ਬਸ ਪਾਸ਼ਵਿਕ ਸਰਗਰਮੀ ਹੈ, ਪਸ਼ੂਆਂ ਵਾਲ਼ਾ ਕੰਮ ਹੈ। ਪ੍ਰੇਮ ਵਿੱਚ ਵਫ਼ਾਦਾਰੀ ਹੁੰਦੀ ਹੈ। ਪੂੰਜੀਵਾਦ ਵਿੱਚ ਸਾਰੇ ਸਬੰਧ ਪੈਸੇ-ਟਕੇ ਦੇ ਹੁੰਦੇ ਹਨ। ਫਰਾਂਸੀਸੀ ਨਾਵਲਕਾਰ ਫਲਾਬੇਅਰ ਦਾ ਨਾਵਲ ਹੈ 'ਮੈਡਮ ਬਾਵੇਰੀ' ਉਸ 'ਤੇ ਫਿਲਮ ਵੀ ਬਣੀ ਹੋਈ ਹੈ। ਫਲਾਬੇਅਰ ਅਨੁਸਾਰ 95 ਫੀਸਦੀ ਵਿਆਹੇ ਹੋਏ ਜੋੜੇ ਬੇਵਫ਼ਾ ਹੁੰਦੇ ਹਨ ਅਤੇ ਇਹ ਸਹੀ ਗੱਲ ਹੈ। ਆਪਾਂ ਆਪਣੇ ਆਲ਼ੇ-ਦੁਆਲ਼ੇ ਵੇਖ ਸਕਦੇ ਹਨ। ਕਿਉਂਕਿ ਵਫ਼ਾ ਦਾ ਅਧਾਰ ਹੁੰਦਾ ਹੈ ਪ੍ਰੇਮ ਅਤੇ ਪ੍ਰੇਮ ਦਾ ਮਤਲਬ ਹੈ ਤੁਹਾਡੇ ਵਿਚਾਰ ਇੱਕ ਹਨ, ਤੁਹਾਡੀ ਜ਼ਿੰਦਗੀ ਦਾ ਉਦੇਸ਼ ਇੱਕ ਹੈ, ਤੁਸੀਂ ਬਹੁਤ ਡੂੰਘਾਈ 'ਚੋਂ ਇੱਕ ਦੂਜੇ ਨੂੰ ਪਸੰਦ ਕਰਦੇ ਹੋਂ ਤਾਂ ਤੁਸੀਂ ਬੇਵਫਾਈ ਕਿਉਂ ਕਰੋਂਗੇ ? ਯੂਰਪ ਵਿੱਚ ਮੁਕਾਬਲਤਨ ਬੇਵਫ਼ਾਈ ਬਹੁਤ ਘੱਟ ਹੁੰਦੀ ਹੈ। ਜੇਕਰ ਦੂਜਾ ਰਿਸ਼ਤਾ ਬਣਦਾ ਹੈ ਤਾਂ ਪੁਰਾਣਾ ਰਿਸ਼ਤਾ ਉਹ ਤੋੜ ਦਿੰਦੇ ਹਨ। ਪਰ ਆਪਣੇ ਪੁਰਾਣਾ ਉਦਾਂ ਹੀ ਚੱਲਦਾ ਰਹਿੰਦਾ ਹੈ ਤੇ ਬਾਕੀ ਇਨਾਂ ਜ਼ਿਆਦਾ ਨਿਘਾਰ ਆਉਂਦਾ ਜਾਂਦਾ ਹੈ ਕਿ ਗੱਲ ਕਰਨਾ ਵੀ ਔਖਾ ਹੈ। ਕਿਹਾ ਜਾਵੇ ਕਿ ਸਾਡੇ ਦੇਸ਼ ਵਿੱਚ ਮਨੁੱਖ 'ਬੇਸ ਲੈਵਲ' ਮਤਲਬ ਕਿ ਉਸ ਪੱਧਰ 'ਤੇ ਜਿਉਂਦਾ ਹੈ ਜਿੱਥੇ ਹਾਲ਼ੇ ਉਸ ਦੀਆਂ ਬੁਨਿਆਦੀ ਲੋੜਾਂ ਹੀ ਪ੍ਰਧਾਨ ਹਨ। ਬੇਸ ਲੈਵਲ ਯਾਨੀ ਸਾਡਾ ਮਨੁੱਖ ਪਸ਼ੂਆਂ ਵਾਲ਼ੇ ਪੱਧਰ 'ਤੇ ਜਿਊਂਦਾ ਹੈ।...

ਫਿਰ ਤੋਂ ਆਪਾਂ ਮੂਲ ਵਿਸ਼ੇ 'ਤੇ ਆਉਂਦੇ ਹਾਂ। ਜਦ ਸਾਡਾ ਦੇਸ਼ ਗੁਲਾਮ ਬਣਿਆ। ਸਾਡੇ ਦੇਸ਼ ਵਿੱਚ ਪੈਦਾਵਾਰੀ ਸ਼ਕਤੀਆਂ ਦਾ ਵਿਕਾਸ ਰੁਕ ਗਿਆ। ਜੇ ਅਜਿਹਾ ਨਹੀਂ ਹੁੰਦਾ ਤਾਂ ਸਾਡੇ ਦੇਸ਼ ਵਿੱਚ ਜਗੀਰਦਾਰੀ 'ਚੋਂ ਨਿਕਲ ਕੇ ਸਨਅਤੀ ਵਿਕਾਸ ਹੁੰਦਾ। ਇੱਕ ਸਨਅਤੀ ਬੁਰਜੂਆਜ਼ੀ ਹੋਂਦ ਵਿੱਚ ਆਉਂਦੀ ਤਾਂ ਸਾਡੇ ਦੇਸ਼ ਵਿੱਚ ਵੀ ਇਨਕਲਾਬੀ ਢੰਗ ਨਾਲ਼

ਸਰਮਾਏਦਾਰੀ ਵਿਕਸਤ ਹੁੰਦੀ। ਸਾਡੇ ਇੱਥੇ ਇਸ ਦੇ ਪੂਰੇ ਬੀਜ ਸਨ। ਭਗਤੀ ਲਹਿਰ ਦੀ ਜੇਕਰ ਨਵਜਾਗਰਣ ਨਾਲ਼ ਤੁਲਨਾ ਕਰੀਏ ਤਾਂ ਸਾਡੇ ਇੱਥੇ ਵੀ ਨਵਜਾਗਰਣ ਜਾਂ ਪ੍ਰਬੋਧਨ ਦਾ ਭਾਰਤੀ ਐਡੀਸ਼ਨ ਹੀ ਸੀ। ਸਾਡੇ ਇੱਥੇ ਚੀਜ਼ਾਂ ਅੱਗੇ ਵੱਧਦੀਆਂ। ਉਸ ਦਾ ਗੁਲਾਮੀ ਨੇ ਗਰਭਪਾਤ ਕਰ ਦਿੱਤਾ ਅਤੇ ਬਾਅਦ ਵਿੱਚ ਇਸੇ ਬਸਤੀਵਾਦ ਦੇ ਗਰਭ ’ਚੋਂ ਉਹ ਬੁੱਧੀਜੀਵੀ ਵਰਗ ਪੈਦਾ ਹੋਇਆ ਜਿਸਦਾ ਲੋਕਾਂ ਨਾਲ਼ ਕੋਈ ਸਰੋਕਾਰ ਨਹੀਂ ਸੀ। ਉਹ ਲੋਕਾਂ ਨਾਲ਼ੋ ਨਿਖੜਿਆ ਹੋਇਆ ਸੀ, ਬੌਣਾ ਸੀ, ਗੁਲਾਮ ਸੀਗਾ। ਗੁਲਾਮ ਲੋਕਾਂ ਦੀ ਮਾਨਸਿਕਤਾ ਬਹੁਤ ਗ਼ੁਲਾਮ ਹੁੰਦੀ ਹੈ। ਫਿਰ ਜਿਹੜੇ ਇੱਥੋਂ ਕੌਮੀ ਲਹਿਰ ਵਿੱਚ ਆਏ। ਉਹਦੇ ਵਿੱਚੋਂ ਕਮਿਊਨਿਸਟ ਲਹਿਰ ਵਿੱਚ ਆਏ। ਜਿਵੇਂ ਆਪਾਂ ਇੱਥੇ ਸੀ.ਪੀ.ਆਈ. ਦਾ ਕੋਈ ਸਮੁੱਚਾ ਮੁਲਾਂਕਣ ਨਹੀਂ ਕਰ ਰਹੇ ਸਗੋਂ ਉਹਦੇ ਇੱਕ ਪੱਖ ਦੀ ਗੱਲ ਕਰ ਰਹੇ ਹਾਂ। ਇਸ ਦਾ ਬਹੁਤ ਸ਼ਾਨਦਾਰ ਇਤਿਹਾਸ ਰਿਹਾ। ਆਪਾਂ ਉਹਦੇ ਵਾਰਸ ਹਾਂ। ਪਰ ਇੱਕ ਗੱਲ ਸੀ ਕਿ ਬੌਧਿਕ ਤੌਰ ’ਤੇ ਬੇਹੱਦ ਕੰਗਾਲੀ ਸੀ। ਪੜ੍ਹਾਈ ਲਿਖਾਈ ਦਾ ਪੱਧਰ ਨੀਵਾਂ ਸੀ। ਹੁਣ ਗ਼ੁਲਾਮ ਜੋ ਹੈ ਆਪਣੇ ਮਾਲਕ ਵੱਲ ਝਾਕਦਾ ਹੈ। ਸਾਡਾ ਮਾਲਕ ਕੌਣ ਸੀ — ਰੂਸ। ਜਿਵੇਂ ਕਹਾਵਤ ਬਣੀ ਕਿ ਮਾਸਕੋ ਵਿੱਚ ਮੀਂਹ ਪੈਂਦਾ ਸੀ ਤਾਂ ਕਾਮਰੇਡ ਦਿੱਲੀ ਵਿੱਚ ਛੱਤਰੀ ਤਾਣ ਲੈਂਦੇ ਸਨ। ਯਾਨੀ ਹਰ ਚੀਜ਼ ਕੌਮਾਂਤਰੀ ਲੀਡਰਸ਼ਿਪ ’ਤੇ ਨਿਰਭਰ ਸੀ। ਉਹਦੇ ਵੱਲ ਝਾਕਦੇ ਸਨ। ਨਕਸਲਬਾੜੀ ਹੋਈ ਤਾਂ ਚੀਨ ਵੱਲ ਨੂੰ ਝਾਕਣ ਲੱਗ ਪਏ। ਮੌਲਿਕ ਚਿੰਤਨ ਘੱਟ ਸਿਗਾ। ਭਾਰਤ ਵਿੱਚ ਦੇਖਿਆ ਜਾਵੇ ਤਾਂ ਸਭ ਤੋਂ ਵੱਡੀ ਪ੍ਰਤਿਭਾ ਹੋਇਆ ਰਾਹੁਲ ਸੰਕਰਤਾਇਨ। ਰਾਹੁਲ ਸੰਕਰਤਾਇਨ ਇਸ ਚੀਜ਼ ਨੂੰ ਸਮਝਦਾ ਸੀ ਕਿ ਆਮ ਲੋਕਾਂ ਦੀਆਂ ਭਾਸ਼ਾਵਾਂ ਵਿੱਚ ਲਿਖਿਆ ਜਾਵੇ। ਆਮ ਲੋਕਾਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇ ਅਤੇ ਵੱਡੇ ਪੱਧਰ ’ਤੇ ਪ੍ਰਚਾਰ ਪ੍ਰਸਾਰ ਕੀਤਾ ਜਾਵੇ ਤੇ ਸਿਰਫ਼ ਆਰਥਿਕ ਸੰਘਰਸ਼ ਨਾ ਕੀਤੇ ਜਾਣ। ਅੰਧ-ਵਿਸ਼ਵਾਸਾਂ ’ਤੇ ਚੋਟ ਕੀਤੀ ਜਾਵੇ, ਧਾਰਮਿਕ ਤੁਅੱਸਬਾਂ ’ਤੇ ਚੋਟ ਕੀਤੀ ਜਾਵੇ। ਰਾਹੁਲ ਸੰਕਰਤਾਇਨ ਬਿਹਾਰ ਵਿੱਚ ਕਿਸਾਨ ਦੇ ਵੱਡੇ ਇਕੱਠਾਂ ਵਿੱਚ ਕਹਿੰਦਾ ਸੀ ਕਿ ਗਾਂ ਦਾ ਮੀਟ ਖਾਇਆ ਕਰੋ, ਇਹ ਸਿਹਤ ਲਈ ਬਹੁਤ ਵਧੀਆ ਹੁੰਦਾ ਹੈ। ਵਿਟਾਮਿਨ ਬੀ ਟਵੈਲਵ ਨਰਵਸ ਸਿਸਟਮ ਦੀ ਫੰਕਸ਼ਨਿੰਗ ਲਈ ਬਹੁਤ ਜ਼ਰੂਰੀ ਹੁੰਦਾ ਹੈ ਅਤੇ ਇਹ ਮਾਸ ਤੋਂ ਮਿਲਦਾ ਹੈ ਜਾਂ ਦੁੱਧ ਤੋਂ ਮਿਲਦਾ ਹੈ। ਯਾਨੀ ਜਿਹੜੇ ਸ਼ਾਕਾਹਾਰੀ ਆ ਉਹਨਾਂ ਲਈ ਦੁੱਧ ਕੀ ਹੈ ? ਇਹ ਵੀ ਉਹੀ ਹੈ। ਇਹ ਐਨੀਮਲ ਪ੍ਰੋਟੀਨ ਹੈ। ਸੋ ਰਾਹੁਲ ਗਾਂ ਦਾ ਮੀਟ ਖਾਣ ਲਈ ਕਿਸਾਨਾਂ ਨੂੰ ਕਹਿੰਦਾ ਸੀ। ਹੁਣ ਉਹ ਕਿਸਾਨਾਂ ਦਾ ਬੰਦਾ ਸੀ। ਕਿਸਾਨਾਂ ਲਈ ਜੇਲ੍ਹਾਂ ਗਿਆ, ਉਹਨਾਂ ਲਈ ਲਾਠੀ ਖਾਧੀ ਉਹਨੇ। ਕਿਸਾਨ ਕਹਿੰਦੇ ਬਾਬਾ ਆਦਮੀ ਤੋ ਅੱਛੇ ਹੈਂ, ਖਾਨ-ਪਾਨ ਕੇ ਮਾਮਲੇ ਮੇਂ ਥੋੜ੍ਹੇ ਭਟਕੇ ਹੂਏ ਹੈਂ। ਪਰ ਆਪਣੇ ਕਾਮਰੇਡ ਬਹੁਤ ਡਰਦੇ ਨੇ। ਉਹ ਕਹਿੰਦੇ ਨੇ ਲੋਕਾਂ ਤੋਂ ਉਲਟ ਨਾ ਚੱਲੋ। ਉਹਨਾਂ ਦੇ ਨਾਲ਼-ਨਾਲ਼ ਚੱਲੋ। ਆਪਾਂ ਕਹਿੰਦੇ ਹਾਂ ਕਿ ਰਾਜਨੀਤਕ ਤੇ ਆਰਥਿਕ ਸੰਘਰਸ਼ ਵਿੱਚ ਆਪਾਂ ਲੋਕਾਂ ਦੇ ਨਾਲ਼ ਹਾਂ ਤੇ ਸੱਭਿਆਚਾਰ ’ਚ

ਲੋਕਾਂ ਦੇ ਉਲਟ ਚੱਲਣਾ ਚਾਹੀਦਾ ਕਿ ਕਮਿਊਨਿਸਟਾਂ ਨੂੰ ਆਪਣੀ ਜ਼ਿੰਦਗੀ ਵਿੱਚ ਉਦਾਹਰਣ ਬਣਨੀ ਪਊਗੀ ਸਾਰੀਆਂ ਚੀਜ਼ਾਂ ਦੀ। ਇਹ ਇੱਕ ਅਲੱਗ ਮਸਲਾ ਹੈ।

ਜਿਵੇਂ ਸਾਡੀ ਜਿਹੜੀ ਪਾਰਟੀ ਸੀ ਉਹ 1925 ਵਿੱਚ ਬਣਦੀ ਹੈ ਤੇ 1933 ਤੱਕ ਉਹਨਾਂ ਕੋਲ਼ ਕੋਈ ਸੈਂਟਰਲ ਕਮੇਟੀ ਨਹੀਂ। ਉਹਨਾਂ ਨੂੰ ਪਤਾ ਹੀ ਨਹੀਂ ਕਿ ਕੋਈ ਸੈਂਟਰਲ ਕਮੇਟੀ ਵੀ ਹੁੰਦੀ ਹੈ। '33 ਵਿੱਚ ਸੈਂਟਰਲ ਕਮੇਟੀ ਬਣਦੀ ਹੈ ਤੇ '51 ਤੱਕ ਉਹਨਾਂ ਕੋਲ਼ ਭਾਰਤੀ ਇਨਕਲਾਬ ਦਾ ਕੋਈ ਪ੍ਰੋਗਰਾਮ ਨਹੀਂ ਸੀ। ਰੂਸ ਤੋਂ ਜੋ ਨਿਰਦੇਸ਼ ਆਉਂਦੇ ਸਿਗੇ ਜਾਂ ਰਜਨੀਪਾਮ ਦੱਤ ਜੋ ਲਿਖੀ ਜਾਂਦਾ ਸਿਗਾ ਉਹਦੇ ਅਧਾਰ 'ਤੇ ਕੰਮ ਚੱਲੀ ਜਾਂਦਾ ਸੀ। ਬਾਅਦ ਦੀ ਪੀੜ੍ਹੀ ਵਿੱਚ ਵੀ ਉਹ ਦਿਵਾਲਿਆਪਣ ਦਿਖਦਾ ਹੈ। ਜਿਵੇਂ ਨਕਸਲਬਾੜੀ ਵੇਲੇ ਇਹ ਸਿਧਾਂਤ ਆਇਆ ਕਿ ਜਮਾਤੀ ਦੁਸ਼ਮਣ ਦਾ ਸਫ਼ਾਇਆ ਜਮਾਤੀ ਸੰਘਰਸ਼ ਦਾ ਸਭ ਤੋਂ ਉੱਨਤ ਰੂਪ ਹੈ। ਇਹ ਇੱਕ ਨਵਾਂ 'ਮਾਰਕਸਵਾਦ' ਸੀ, ਬੰਦਾ ਮਾਰਨਾ! ਹਿੰਸਾ, ਵਲਗਰ ਹਿੰਸਾ! ਜਿਵੇਂ ਪਾਸ਼ ਦੀ ਇੱਕ ਕਵਿਤਾ ਹੈ ਕਿ 'ਫਲਾਣੇ ਦੇ ਪੱਟ 'ਚੋਂ ਮਾਸ ਕੱਢਕੇ ਮੈਂ ਹੁੱਕੇ 'ਚ ਰੱਖਕੇ ਪੀਊਂਗਾ, ਇਹ ਹੈ ਕਿਸਾਨੀ ਬਰਬਰਤਾ। ਬਰਬਰ ਲੋਕ ਇਵੇਂ ਹੀ ਕਰਦੇ ਹਨ। ਮਾਰਕਸਵਾਦ ਕਹਿੰਦਾ ਹੈ ਕਿ ਹਿੰਸਾ ਸਮਾਜਿਕ ਬਦਲਾਅ ਲਈ ਜ਼ਰੂਰੀ ਆ, ਸਾਡੀ ਮਜਬੂਰੀ ਆ। ਹਿੰਸਾ ਦਾ ਗੁਣਗਾਨ ਥੋੜ੍ਹੇ ਹੀ ਕਰਦੈ ? ਹਿੰਸਾ ਦੀ ਜੈ-ਜੈਕਾਰ ਥੋੜੇ ਹੀ ਕਰਦੈ ? ਇਸ ਬਾਰੇ ਭਗਤ ਸਿੰਘ ਦਾ ਨਜ਼ਰੀਆ ਸਭ ਤੋਂ ਵਧੀਆ ਸਿਗਾ। ਸਾਂਡਰਸ ਦੇ ਕਤਲ ਤੋਂ ਬਾਅਦ ਕਿਹਾ ਕਿ ਇੱਕ ਮਨੁੱਖ ਦੇ ਮਰਨ 'ਤੇ ਸਾਨੂੰ ਅਫ਼ਸੋਸ ਹੈ। ਅੱਜ ਚਾਹੇ ਅਜ਼ਾਦ ਹੋਏ ਨੂੰ ਸਾਨੂੰ ਸੱਠ ਸਾਲ ਤੋਂ ਵੱਧ ਹੋ ਗਏ ਪਰ ਜੋ ਗ਼ੁਲਾਮੀ ਦੇ ਚਿੰਨ੍ਹ ਅੱਜ ਵੀ ਮੌਜੂਦ ਹੈ। ਉਹ ਸਾਡੇ ਸਮਾਜ ਦੇ ਪਿੰਡੇ ਦੇ ਪੋਰ-ਪੋਰ 'ਤੇ ਨੇ, ਹਰ ਚੀਜ਼ 'ਤੇ ਨੇ। ਆਪਾਂ ਗ਼ੁਲਾਮੀ ਤੋਂ ਮੁਕਤ ਨਹੀਂ।

ਪੂਰੇ ਹਿੰਦੁਸਤਾਨ ਵਿੱਚ ਜਿਹੜੇ ਵਿਦਵਾਨ ਨੇ ਉਹ ਛੇ-ਸੱਤ ਨੇ। ਇਤਿਹਾਸ ਦੇ ਖੇਤਰ ਵਿੱਚ ਰਾਹੁਲ ਸੰਕਰਤਾਇਨ, ਆਰ. ਐੱਸ. ਸ਼ਰਮਾ, ਡੀ.ਡੀ. ਕੋਸੰਭੀ ਆਦਿ ਨੇ ਯਾਨੀ ਗਿਣੇ ਜਾ ਸਕਦੇ ਨੇ। ਫ਼ਰਾਂਸ ਵਿੱਚ ਤੁਸੀਂ ਗਿਣ ਨਹੀਂ ਸਕਦੇ। ਉੱਥੇ ਹਰ ਬੰਦਾ ਵਿਦਵਾਨ ਹੈ। ਹਰ ਮਜ਼ਦੂਰ ਵਿਦਵਾਨ ਹੈ। ਇੱਕ ਮਜ਼ਦੂਰ ਤੇ ਪ੍ਰੋਫੈਸਰ ਵਿੱਚ ਕੋਈ ਫ਼ਰਕ ਨਹੀਂ। ਜਰਮਨੀ 'ਚ ਬਿਲਕੁਲ ਇਹ ਭੇਦ ਨਹੀਂ। ਜਦ 'ਸਰਮਾਇਆ' ਦਾ ਪ੍ਰਕਾਸ਼ਨ ਹੋਇਆ ਤਾਂ ਸਰਮਾਏਦਾਰ ਜਮਾਤ ਨੇ ਚੁੱਪ ਧਾਰ ਲਈ ਕਿ ਇਹਨੂੰ ਚੁੱਪ ਦੀ ਮੌਤ ਮਾਰ ਦੇਵੋ ਤਾਂ ਏਂਗਲਜ਼ ਨੇ ਇਹਦੇ ਬਾਰੇ ਲਿਖਿਆ ਕਿ ਜਦ ਸਾਰੀ ਸਰਮਾਏਦਾਰ ਜਮਾਤ ਨੇ 'ਸਰਮਾਇਆ' ਨੂੰ ਚੁੱਪ ਦੀ ਮੌਤ ਮਾਰੇ ਜਾਣ ਦੀ ਸੋਚੀ ਤਾਂ ਉਸ ਵਕਤ 'ਸਰਮਾਇਆ' ਜਰਮਨ ਦੇ ਮਜ਼ਦੂਰਾਂ ਵਿੱਚ ਬਹੁਤ ਹਰਮਨ-ਪਿਆਰੀ ਹੋ ਚੁੱਕੀ ਸੀ। ਪਰ ਸਾਡੇ ਪ੍ਰੋਫੈਸਰ ਦੀ ਵੀ ਔਕਾਤ ਨਹੀਂ ਕਿ ਉਹ ਕਿਤਾਬ ਪੜ੍ਹ ਲਵੇ। ਇੱਕ ਕਾਮਰੇਡ ਮਿਲਿਆ, ਉਹਦਾ ਕਹਿਣਾ ਸੀ ਕਿ ਨੀਂਦ ਨਾ ਆਉਂਦੀ ਹੋਵੇ ਤਾਂ 'ਸਰਮਾਇਆ' ਸਿਰਹਾਣੇ ਰੱਖ ਲਵੋ ਨੀਂਦ ਬਹੁਤ ਵਧੀਆ ਆਉਂਦੀ ਹੈ, ਡਰਦੇ ਹੀ ਨੀਂਦ ਆ ਜਾਂਦੀ ਹੈ। ਹੁਣ ਸਾਡੇ ਕਾਮਰੇਡ ਐਹੇ ਜਿਹੇ ਨੇ ਤਾਂ ਪ੍ਰੋਫੈਸਰ ਤੋਂ ਕੀ ਆਸ ਕੀਤੀ ਜਾ

ਸਕਦੀ ਹੈ। ਪਰ ਉੱਥੇ ਦੇ ਲੋਕਾਂ ਵਿੱਚ ਇਹ ਫ਼ਰਕ ਨਹੀਂ। ਉੱਥੇ ਦਾ ਮਜ਼ਦੂਰ ਵੀ ਉਨਾਂ ਹੀ ਪੜ੍ਹਿਆ ਲਿਖਿਆ ਸੀ ਜਿੰਨੇ ਕਿ ਬੁੱਧੀਜੀਵੀ ਪੜ੍ਹੇ-ਲਿਖੇ ਸਨ। ਸਾਡੇ ਬਹੁਤ ਵੱਡਾ ਪਾੜਾ ਆ। ਸਾਡੀ ਜੜ੍ਹ ਆ ਗ਼ੁਲਾਮੀ।

ਬੰਗਾਲੀ ਨਵਜਾਗਰਣ ਜਿਸਨੂੰ ਕਿਹਾ ਜਾਂਦੈ। ਉੱਥੋਂ ਦੇ ਸਮਾਜ ਸੁਧਾਰਕ ਜੋ ਸਿਗੇ ਇਹ ਖ਼ੁਦ ਉੱਚ ਜਾਤੀਆਂ 'ਚੋਂ ਸਿਗੇ। ਇਹ ਦਲਿਤ ਜਾਤੀਆਂ ਵਿੱਚ ਉਹ ਚੀਜ਼ਾਂ ਨੂੰ ਲੈ ਕੇ ਨਹੀਂ ਗਏ। ਜ਼ਿਆਦਾਤਰ ਮਜ਼ਦੂਰ ਜੋ ਸਿਗੇ ਉਹ ਸਾਡੇ ਦਲਿਤਾਂ 'ਚੋਂ ਸਿਗੇ ਜਾਂ ਦਰਮਿਆਨੀਆਂ ਜਾਤਾਂ 'ਚੋਂ ਸਨ ਜਾਂ ਕਿਸਾਨ ਸਿਗੇ। ਉਹ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਇਹਨਾਂ ਲੋਕਾਂ ਦੇ ਗ਼ੁਲਾਮ ਵੀ ਸੀ। ਉਹਨਾਂ 'ਚ ਇਹ ਲੋਕ ਉਹ ਚੀਜ਼ਾਂ ਲੈਕੇ ਨਹੀਂ ਗਏ। ਹੁਣ ਟਾਮਸ ਪੇਨ ਇੱਕ ਵਿਅਕਤੀ ਹੋਇਆ ਅਮਰੀਕਾ ਦਾ। ਪ੍ਰਬੋਧਨ ਕਾਲ ਦਾ। ਉਹ ਕੀ ਕਰਦਾ ਸੀ ਕਿ ਇਕੱਲਾ ਹੀ ਪਰਚਾ ਲਿਖਕੇ ਮਜ਼ਦੂਰਾਂ ਵਿੱਚ ਵੰਡਦਾ ਸੀ। ਸਾਰੀ ਜ਼ਿੰਦਗੀ ਉਹਨੇ ਇਹ ਕੰਮ ਕੀਤਾ। ਮਜ਼ਦੂਰਾਂ ਦਾ ਗਿਆਨ ਉੱਪਰ ਹੋ ਗਿਆ। ਸਾਡੇ ਬੁੱਧੀਜੀਵੀਆਂ ਨੇ ਇਹ ਕੰਮ ਨਹੀਂ ਕੀਤਾ ਤੇ ਨਾ ਸਾਡਾ ਬੁੱਧੀਜੀਵੀ ਇਹ ਕਰ ਸਕਦਾ ਸੀ। ਅੱਜ ਬੁੱਧੀਜੀਵੀ ਇੱਕ ਲੱਖ ਰੁਪਇਆ ਤਨਖਾਹ ਲੈਂਦੈ ਤੇ ਇੱਕ ਲੱਖ ਉਹਦੀ ਘਰਵਾਲ਼ੀ ਲੈਂਦੀ ਹੈ। ਬਾਕੀ ਉਹ ਸ਼ੇਅਰ ਮਾਰਕਿਟ 'ਚ ਪੈਸਾ ਲਾਉਂਦਾ, ਉਹ ਸੂਦਖ਼ੋਰ ਹੈ। ਜ਼ਿਆਦਾਤਰ ਸਕੂਲ ਟੀਚਰ ਸੂਦਖ਼ੋਰ ਹੁੰਦੇ ਨੇ। ਹੁਣ ਇੰਨਾ ਪੈਸਾ ਜਾਵੇ ਕਿੱਥੇ ? ਖਪਾਣਾ ਤਾਂ ਹੈਗਾ ਹੀ ਹੈ ਕਿਤੇ ਨਾ ਕਿਤੇ, ਸੋ ਸੂਦਖ਼ੋਰੀ ਕਰਦੇ ਨੇ, ਇਹਨਾਂ ਕੰਮਾਂ 'ਤੇ ਲੱਗੇ ਹੋਏ ਨੇ। ਇਹਨਾਂ ਦਾ ਆਮ ਜਨਤਾ ਨਾਲ਼ ਕੋਈ ਸਰੋਕਾਰ ਨਹੀਂ। ਯਾਨੀ ਆਮ ਜਨਤਾ ਵਿੱਚ ਗਿਆਨ ਲੈਕੇ ਜਾਣਾ। ਮਜ਼ਦੂਰਾਂ ਵਿੱਚ ਗਿਆਨ ਲੈ ਕੇ ਜਾਣਾ। ਹੁਣ ਹਿੰਦੋਸਤਾਨ ਨੂੰ ਲੋੜ ਕੀ ਹੈ ? ਹਿੰਦੋਸਤਾਨ ਨੂੰ ਚੰਗੇ ਅਨੁਵਾਦਕਾਂ ਦੀ ਲੋੜ ਹੈ। ਹਾਂ ਜਿੰਨੇ ਲੇਖਕ ਨੇ ਇਹ ਲਿਖਣਾ ਬੰਦ ਕਰ ਦੇਣ ਕਿਉਂਕਿ ਇਹ ਲਿਖਦੇ ਨੇ, ਇੱਕ ਤਾਂ ਇਹ ਕੁਦਰਤ ਨੂੰ ਬਹੁਤ ਨੁਕਸਾਨ ਪਹੁੰਚਾਂਦੇ ਨੇ ਕਿਉਂਕਿ ਰੁੱਖ ਵੱਢਣੇ ਪੈਂਦੇ ਨੇ, ਕਾਗਜ਼ ਵਾਸਤੇ। ਦੂਜਾ ਇਹ ਸਿਆਹੀ ਖ਼ਰਾਬ ਕਰਦੇ ਨੇ। ਤੀਜਾ ਇਹ ਲੋਕਾਂ ਦੀਆਂ ਅੱਖਾਂ ਨਾਲ਼ ਖਿਲਵਾੜ ਕਰਦੇ ਨੇ ਕਿਉਂਕਿ ਪੜ੍ਹਨ ਲਈ ਅੱਖਾਂ ਨੂੰ ਮਿਹਨਤ ਕਰਨੀ ਪੈਂਦੀ ਹੈ। ਇਹ ਸਾਰਾ ਲਿਖਣਾ ਬੰਦ ਕਰ ਦੇਣ!

ਹੁਣ ਆਪਾਂ ਦੇਸੀ-ਵਿਦੇਸ਼ੀ ਭੁੱਲ ਜਾਈਏ। ਆਪਾਂ ਮੋਬਾਇਲ ਵਿੱਚ ਤਾਂ ਕੋਈ ਦੇਸੀ ਨਹੀਂ, ਮੋਟਰ ਸਾਈਕਲ ਵਿੱਚ ਤਾਂ ਕੋਈ ਦੇਸੀ ਨਹੀਂ, ਵਿਚਾਰਾਂ ਦੇ ਮਾਮਲੇ ਵਿੱਚ 'ਦੇਸੀ' ਹਾਂ। ਹੁਣ ਦੇਖਿਆ ਜਾਵੇ ਤਾਂ ਪਹਿਲਾਂ ਮਨੁੱਖ ਇਕੱਠੇ ਹੀ ਹੁੰਦੇ ਸਨ। ਇਤਿਹਾਸਕਾਰ ਕਹਿੰਦੇ ਨੇ ਕਿ ਜਿਹੜੇ ਆਰੀਅਨ ਸਿਗੇ ਇਹ ਵੋਲਗਾ ਤੇ ਸੈਂਟਰਲ ਏਸ਼ੀਆ ਵਿੱਚ ਵਸੇ ਹੋ ਕਬੀਲੇ ਸਿਗੇ। ਉਥੋਂ ਫੈਲੇ ਨੇ ਇਹ ਸਾਰੇ। ਜਦੋਂ ਫ਼ਰਾਂਸੀਸੀ ਇਨਕਲਾਬ ਹੋਇਆ ਉਦੋਂ ਹੀ ਇੰਗਲੈਂਡ ਦਾ ਉਦਯੋਗਿਕ ਇਨਕਲਾਬ ਹੋਇਆ। ਏਰਿਕ ਹੋਬਸਵਾਮ ਨੇ ਲਿਖਿਆ ਕਿ ਇਸ ਸਮੇਂ ਤੱਕ ਧਰਤੀ ਦਾ ਬਹੁਤ ਵੱਡਾ ਹਿੱਸਾ ਉਦੋਂ ਲੋਕਾਂ ਨੂੰ ਪਤਾ ਨਹੀਂ ਸਿਗਾ। ਜਿਹੜੀ ਸਾਰੀ ਮਨੁੱਖ

ਨੇ ਤਰੱਕੀ ਕੀਤੀ ਹੈ ਉਹ ਪਿਛਲੇ ਸੌ-ਡੇਢ ਸੌ ਸਾਲਾਂ ਵਿੱਚ ਕੀਤੀ ਹੈ। ਉਦੋਂ ਸਿਰਫ਼ ਚਾਲ਼ੀ ਫੀਸਦੀ ਸਮੁੰਦਰ ਬਾਰੇ ਪਤਾ ਸਿਗਾ। ਧਰਤੀ ਦੇ ਕਈ ਹਿੱਸੇ, ਕਈ ਟਾਪੂ ਅਣਛੋਹੇ ਸਨ ਤੇ ਅੱਜ ਮਨੁੱਖ ਫਿਰ ਇਕੱਠੇ ਹੋ ਗਏ। ਅੱਜ ਤੁਸੀਂ ਅਮਰੀਕਾ ਦਾ ਕੁੱਝ ਦੇਖਣਾ ਹੋਵੇ ਤਾਂ ਇੰਟਰਨੈੱਟ 'ਤੇ ਜਾਓ ਦਿਖ ਜਾਵੇਗਾ। ਮਤਲਬ ਲਾਈਟ ਦੀ ਸਪੀਡ ਨਾਲ਼ ਸੂਚਨਾਵਾਂ ਚਲਦੀਆਂ ਹਨ। ਯਾਨੀ ਸਾਰਾ ਸੰਸਾਰ ਜੁੜ ਗਿਆ, ਸਾਰਾ ਉਤਪਾਦਨ ਜੁੜ ਗਿਆ। ਹੁਣ ਬਹੁ-ਰਾਸ਼ਟਰੀ ਕੰਪਨੀਆਂ ਜਿਹਨਾਂ ਨੂੰ ਆਪਾਂ ਕਹਿੰਨੇ ਹਾਂ। ਉਹਨਾਂ ਨੂੰ ਇਸ ਲਈ ਬਹੁ-ਰਾਸ਼ਟਰੀ ਕਹਿੰਦੇ ਹਾਂ ਕਿਉਂਕਿ ਉਹ ਬਹੁਤ ਸਾਰੇ ਦੇਸ਼ਾਂ ਵਿੱਚ ਕਾਰੋਬਾਰ ਕਰਦੀਆਂ ਹਨ। ਜਨਰਲ ਮੋਟਰ ਦੀ ਕਾਰ ਦੇ ਪੁਰਜ਼ੇ ਇੱਕ ਸੌ ਵੀਹ ਦੇਸ਼ਾਂ ਵਿੱਚ ਬਣਦੇ ਨੇ ਤੇ ਇੱਕ ਥਾਂ ਅਸੈਂਬਲ ਹੁੰਦੇ ਨੇ। ਹੁਣ ਕਾਰਗਿਲ ਹੈ, ਅਮਰੀਕਾ ਦੀ ਇੱਕ ਕੰਪਨੀ ਹੈ। ਜਿਸਦਾ ਸੰਸਾਰ ਦੇ 80 ਫੀਸਦੀ ਅੰਨ ਵਪਾਰ 'ਤੇ ਕਬਜ਼ਾ ਹੈ। ਹੁਣ ਰੋਕਾਂ ਕੀ ਨੇ ਉਹ ਤਾਂ ਵੀਜ਼ੇ ਦੀਆਂ ਰੋਕਾਂ ਨੇ ਕਿਉਂਕਿ ਸਰਮਾਏਦਾਰ ਸਰਮਾਏ ਦਾ ਵਿਸ਼ਵੀਕਰਨ ਤਾਂ ਚਾਹੁੰਦੇ ਨੇ, ਪਰ ਕਿਰਤ ਦਾ ਵਿਸ਼ਵੀਕਰਨ ਨਹੀਂ ਚਾਹੁੰਦੇ। ਕਿਉਂਕਿ ਜੇ ਸਾਰੇ ਹੀ ਲੇਬਰ ਖੁੱਲ੍ਹ ਜਾਵੇ ਤਾਂ ਸਾਰੀ ਲੇਬਰ ਦੀਆਂ ਤਨਖਾਹਾਂ ਇੱਕੋ ਜਿਹੀਆਂ ਹੋ ਜਾਣਗੀਆਂ। ਇਸ ਲਈ ਇਹਨੂੰ ਨਹੀਂ ਖੋਲਣਾ ਚਾਹੁੰਦੇ। ਇਸ ਤੋਂ ਬਿਨਾਂ ਸਾਰਾ ਸੰਸਾਰ ਹੀ ਖੁੱਲ੍ਹਿਆ ਹੈ। ਅੱਜ ਪੈਰਿਸ ਤੋਂ ਕੋਈ ਨਵਾਂ ਪਹਿਰਾਵਾ ਆਉਂਦਾ ਤੇ ਕੁੱਝ ਹੀ ਦਿਨਾਂ ਵਿੱਚ ਸਾਰੇ ਸੰਸਾਰ ਵਿੱਚ ਫੈਲ ਜਾਂਦਾ ਹੈ। ਜਿਹੜਾ ਪਹਿਰਾਵਾ ਅੱਜ ਅਸੀਂ ਪਹਿਨਿਆ ਹੋਇਆ ਇਹ ਸਾਰਾ ਯੂਰਪੀ ਪਹਿਰਾਵਾ ਹੈ। ਸਾਡੇ ਤਾਂ ਧੋਤੀ, ਕੁੜਤਾ ਤੇ ਤੁਰਲੇ ਵਾਲ਼ੀ ਪੱਗ ਹੁੰਦੀ ਸੀ। ਪਹਿਰਾਵਾ ਇੱਕ ਹੁੰਦਾ ਜਾ ਰਿਹਾ, ਬੈਠਣ-ਉੱਠਣ ਦੇ ਤਰੀਕੇ ਇੱਕ ਹੁੰਦੇ ਜਾ ਰਹੇ ਨੇ, ਸਾਰਾ ਕੁੱਝ ਇੱਕ ਹੁੰਦਾ ਜਾ ਰਿਹਾ ਹੈ। ਇਸ ਲਈ ਵਿਚਾਰਾਂ ਦੇ ਮਾਮਲੇ ਵਿੱਚ ਉਹ ਦੇਸ਼ੀ ਵਿਦੇਸ਼ੀ ਦਾ ਭੇਦ ਆਪਾਂ ਨੂੰ ਭੁੱਲ ਜਾਣਾ ਚਾਹੀਦਾ ਹੈ। ਯਾਨੀ ਸੰਸਾਰ ਵਿੱਚ ਕਿਤੇ ਵੀ ਕੋਈ ਬਿਹਤਰ ਕੰਮ ਹੋਇਆ ਹੈ ਤਾਂ ਉਹ ਸਾਰੀ ਮਨੁੱਖਤਾ ਦਾ ਸਾਂਝਾ ਸਰਮਾਇਆ ਹੈ। ਜਿਵੇਂ ਕਲਾ, ਸਾਹਿਤ, ਵਿਗਿਆਨ ਦੇ ਖੇਤਰ ਵਿੱਚ ਉਹ ਲੋਕ ਅੱਗੇ ਨੇ ਆਪਣੇ ਤੋਂ। ਜਪਾਨ ਅੱਗੇ ਹੈ। ਉਹ ਸਾਰੀਆਂ ਕਿਰਤਾਂ ਨੂੰ ਅਨੁਵਾਦ ਕੀਤਾ ਜਾਣਾ ਚਾਹੀਦਾ ਹੈ। ਵਧੀਆ ਅਨੁਵਾਦ ਹੋਣੇ ਚਾਹੀਦੇ ਨੇ, ਮਿਹਨਤੀ ਅਨੁਵਾਦਕ ਹੋਣੇ ਚਾਹੀਦੇ ਨੇ। ਫਾਹਾ ਵੱਢ ਨਹੀਂ! ਮਤਲਬ ਉਹ ਲੋਕ ਹੋਣੇ ਚਾਹੀਦੇ ਨੇ ਜਿਹੜੇ ਦਸ ਡਿਕਸ਼ਨਰੀਆਂ ਕਨਸਲਟ ਕਰਨ। ਜੋ ਇੱਕ ਵੀ ਸ਼ਬਦ ਐਵੇਂ ਹੀ ਨਾ ਲਿਖ ਦੇਵੇ, ਕਿਸੇ ਦੀ ਰਾਏ ਲੈ ਕੇ ਲਿਖੇ। ਇੰਨੇ ਵਧੀਆ ਅਨੁਵਾਦ ਹੋਣ ਤੇ ਉਹਨਾਂ ਚੀਜ਼ਾਂ ਨੂੰ ਫਿਰ ਆਮ ਲੋਕਾਂ ਵਿੱਚ ਪਹੁੰਚਾਇਆ ਜਾਵੇ। ਅੱਜ ਗਿਆਨ 'ਤੇ ਹੁਣ ਦੋ ਲੋਕਾਂ ਦਾ ਕਬਜ਼ਾ ਹੈ। ਇੱਕ ਧਨਵਾਨਾਂ ਦਾ। ਹੁਣ ਵੇਖੋ ਤੁਸੀਂ ਮਾਰਕਸ ਨੇ ਜੋ ਕੁੱਝ ਲਿਖਿਆ, ਭਗਤ ਸਿੰਘ ਨੇ ਜੋ ਕੁੱਝ ਲਿਖਿਆ, ਕੀ ਇਸ ਲਈ ਲਿਖਿਆ ਕਿ ਉਸ ਤੋਂ ਕੋਈ ਕਰੋੜਪਤੀ ਬਣ ਜਾਵੇ ? ਉਹਨੂੰ ਵੇਚਕੇ ਕੋਈ ਕੋਠੀ ਪਾ ਲਵੇ ? ਉਹਦੇ ਵਾਰਸ ਆਪਾਂ ਹਾਂ, ਆਮ ਲੋਕ ਹਾਂ। ਆਮ ਲੋਕਾਂ ਦੇ ਜਿਹੜੇ ਪ੍ਰਤੀਨਿੱਧ ਨੇ ਇਹ ਉਹਨਾਂ ਨੂੰ

ਛਾਪਣਾ ਚਾਹੀਦਾ ਹੈ ਨਾ ਕਿ ਕਿਸੇ ਬਿਜ਼ਨਸ ਹਾਊਸ ਨੂੰ। ਹੁਣ ਮਾਰਕਸ ਦਾ 'ਸਰਮਾਇਆ' ਵੇਚ-ਵੇਚ ਕੇ ਯੂਰਪ ਵਿੱਚ ਕਈ ਲੋਕ ਕਰੋੜਪਤੀ ਬਣ ਗਏ ਕਿਉਂਕਿ ਉਹ ਵਿਕਦੀ ਬਹੁਤ ਹੈ। ਸਰਮਾਏਦਾਰ ਹੀ ਵੇਚਦੇ ਨੇ ਭਾਵੇਂ ਅਤੇ ਇਹ ਉਹਨਾਂ ਦੇ ਹੀ ਖਿਲਾਫ਼ ਹੈ ਕਿਉਂਕਿ ਸਰਮਾਏਦਾਰਾਂ ਨੂੰ ਮੁਨਾਫ਼ਾ ਚਾਹੀਦਾ ਹੈ। ਜਿਹੜੇ ਸੱਚੀਓਂ ਉਸ ਵਿਰਾਸਤ ਦੇ ਵਾਰਸ ਨੇ ਉਹ ਕੰਮ ਕਰ ਨਹੀਂ ਰਹੇ। ਜਿਵੇਂ ਜੇਕਰ ਕਿਤਾਬਾਂ 'ਚੋਂ ਮੁਨਾਫ਼ਾ ਕੱਢ ਦਿੱਤਾ ਜਾਵੇ ਤਾਂ ਬਹੁਤ ਸਸਤੀਆਂ ਛਾਪੀਆਂ ਜਾ ਸਕਦੀਆਂ ਹਨ। ਆਮ ਲੋਕਾਂ ਵਿੱਚੋਂ ਵਲੰਟੀਅਰ ਤਿਆਰ ਕੀਤੇ ਜਾਣ। ਸਾਰਾ ਕੰਮ ਵਲੰਟਾਇਰਲੀ ਹੋਵੇ। ਮਨੁੱਖੀ ਕਿਰਤ ਦਾ ਖਰਚਾ ਬਚ ਜਾਵੇਗਾ। ਆਮ ਲੋਕਾਂ ਤੋਂ ਘਰ ਲਏ ਜਾਣ ਸਟੋਰ ਬਣਾਉਣ ਲਈ ਜਿੱਥੇ ਕਿਤਾਬਾਂ ਰੱਖੀਆਂ ਜਾ ਸਕਣ। ਆਮ ਲੋਕਾਂ ਦੇ ਸਹਿਯੋਗ ਨਾਲ਼ ਛੋਟੀਆਂ-ਵੱਡੀਆਂ ਸਸਤੀਆਂ ਕਿਤਾਬਾਂ ਛਾਪੀਆਂ ਜਾਣ, ਜੋ ਆਮ ਲੋਕਾਂ ਤੱਕ ਪਹੁੰਚਾਈਆਂ ਜਾਣ।

ਇੱਕ ਤਾਂ ਧਨਵਾਨਾਂ ਦਾ ਗ਼ਲਬਾ ਗਿਆਨ ਤੋਂ ਤੋੜਨਾ ਜ਼ਰੂਰੀ ਹੈ। ਦੂਜਾ ਅੰਗ੍ਰੇਜ਼ੀ ਵਾਲ਼ਿਆਂ ਦਾ। ਹੁਣ ਅੰਗ੍ਰੇਜ਼ੀ ਜਿਹਨੂੰ ਆਉਂਦੀ ਹੈ ਉਹ ਤਾਂ ਪੜ੍ਹ ਲੈਂਦਾ ਪਰ ਦੱਸਦਾ ਨਹੀਂ ਕਿਸੇ ਨੂੰ, ਕਿਉਂਕਿ ਗਿਆਨ ਦਾ ਰੋਅਬ ਨਹੀਂ ਰਹਿੰਦਾ। ਹਿੰਦੋਸਤਾਨ ਵਿੱਚ ਸਿਰਫ਼ ਤਿੰਨ ਫੀਸਦੀ ਲੋਕਾਂ ਦੀ ਹੀ ਅੰਗ੍ਰੇਜ਼ੀ ਤੱਕ ਪਹੁੰਚ ਹੈ ਅੱਜ ਵੀ ਇਨੇ ਸਾਲਾਂ ਬਾਅਦ ਵੀ। ਜਿਵੇਂ ਨਵਜਾਗਰਣ ਕਾਲ ਦੇ ਲੋਕਾਂ ਨੇ ਜ਼ੋਰ ਦਿੱਤਾ ਸੀ ਕਿ ਆਮ ਲੋਕਾਂ ਦੀ ਭਾਸ਼ਾ ਵਿੱਚ ਲਿਖਿਆ ਜਾਵੇ। ਆਮ ਲੋਕਾਂ ਦੀ ਭਾਸ਼ਾ ਵਿੱਚ ਛਾਪਿਆ ਜਾਵੇ। ਉਹ ਜੋਰ ਅੱਜ ਹਿੰਦੋਸਤਾਨ ਵਿੱਚ ਦੇਣ ਦੀ ਬਹੁਤ ਲੋੜ ਹੈ। ਹਿੰਦੋਸਤਾਨ ਦੇ ਸਾਰੇ ਨਾਮੀ ਬੁੱਧੀਜੀਵੀ ਅੱਜ ਲੋਕਾਂ ਨੂੰ ਦਗ਼ਾ ਦੇ ਚੁੱਕੇ ਹਨ। ਉਹ ਜਨਤਾ ਦੀ ਭਾਸ਼ਾ ਹੀ ਛੱਡ ਗਏ। ਉਹ ਭਾਸ਼ਾ ਜਿਹੜੀ ਲੋਕਾਂ ਨੂੰ ਸਮਝ ਆਉਂਦੀ ਹੈ। ਅੱਜ ਵੀ ਦੇਖ ਲਵੋ ਤਾਂ ਪੰਜਾਬ ਦੇ 90-95 ਫੀਸਦੀ ਲੋਕ ਪੰਜਾਬੀ ਗੀਤ ਹੀ ਸੁਣਦੇ ਨੇ, ਪੰਜਾਬੀ ਬੋਲਦੇ ਨੇ, ਵਧੀਆ ਤੇ ਮਿੱਠੀ ਭਾਸ਼ਾ ਬੋਲਦੇ ਨੇ, ਪੰਜਾਬੀ ਪੜ੍ਹਨਾ ਜਾਣਦੇ ਨੇ ਉਹ। ਅੰਗ੍ਰੇਜ਼ੀ-ਹਿੰਦੀ ਤੋਂ ਉਹ ਕੋਹਾਂ ਦੂਰ ਨੇ ਪਰ ਸਾਡਾ ਜੋ ਬੁੱਧੀਜੀਵੀ ਹੈ ਉਹ ਆਪਣੇ ਬੱਚਿਆਂ ਨੂੰ ਹਿੰਦੀ-ਅੰਗਰੇਜ਼ੀ ਸਿਖਾਉਂਦਾ ਹੈ। ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਖਾਸ ਰਕੇ। ਬੱਚਿਆਂ ਨੂੰ ਡਾਂਟਦਾ ਹੈ ਪੰਜਾਬੀ ਬੋਲਣ 'ਤੇ ਅਤੇ ਅੰਗ੍ਰੇਜ਼ੀ ਵਿੱਚ ਪੜ੍ਹਾਉਂਦਾ ਹੈ। ਉਹ ਅੰਗ੍ਰੇਜ਼ੀ ਵਿੱਚ ਨਖ਼ਰੇ ਕਰਦਾ ਵੈਸੇ ਉਹਨੂੰ ਅੰਗ੍ਰੇਜ਼ੀ ਆਉਂਦੀ ਨਹੀਂ। ਅੰਗ੍ਰੇਜ਼ੀ ਦਾ ਦਿਖਾਵਾ ਵੱਧ ਕਰਦਾ ਹੈ। ਆਉਂਦੀ ਘੱਟ ਹੈ ਉਹਨੂੰ। ਇਹਨਾਂ ਅਖੌਤੀ ਅੰਗ੍ਰੇਜ਼ਾਂ ਦੇ ਮੁਖੌਟੇ ਲਾਹੁਣੇ ਚਾਹੀਦੇ ਹਨ। ਅੰਗ੍ਰੇਜ਼ੀ ਦੇ ਫੈਸ਼ਨ ਦਾ ਸਖ਼ਤ ਵਿਰੋਧ ਕਰਨਾ ਚਾਹੀਦਾ ਹੈ। ਮਤਲਬ ਕਿ ਅੰਗ੍ਰੇਜ਼ੀ ਦੀ ਫੈਸ਼ਨਪ੍ਰਸਤੀ ਦਾ ਵਿਰੋਧ ਕਰਨਾ ਚਾਹੀਦਾ ਹੈ ਕਿ ਅੰਗ੍ਰੇਜ਼ੀ ਜੋ ਬੋਲੇ ਉਹੀ ਵਿਦਵਾਨ ਹੈ। ਸੰਸਾਰ ਵਿੱਚ ਅਜਿਹੀਆਂ ਲੱਖਾਂ ਉਦਾਹਰਣਾਂ ਮਿਲਦੀਆਂ ਨੇ ਜਿੱਥੇ ਅੰਗ੍ਰੇਜ਼ੀ ਤੋਂ ਬਾਹਰ ਕੰਮ ਹੋਇਆ ਹੈ। ਕਈ ਗਣਿਤ ਵਿਗਿਆਨੀ ਸਨ ਪਰ ਉਹ ਅੰਗ੍ਰੇਜ਼ੀ ਉਹਨਾਂ ਨੂੰ ਨਹੀਂ ਸੀ ਆਉਂਦੀ। ਰੂਸ ਦੇ ਕਈ ਪ੍ਰਮਾਣੂ-ਵਿਗਿਆਨੀ ਅਜਿਹੇ ਹੋਏ ਨੇ ਜਿਹਨਾਂ ਨੇ

ਪ੍ਰਮਾਣੂ ਵਿਗਿਆਨ ਵਿੱਚ ਬਹੁਤ ਕੰਮ ਕੀਤਾ ਸੀ ਪਰ ਅੰਗ੍ਰੇਜ਼ੀ ਉਹਨਾਂ ਨੂੰ ਨਹੀਂ ਸੀ ਆਉਂਦੀ। ਅੰਗ੍ਰੇਜ਼ੀ ਵਿਦਵਾਨ ਹੋਣ ਦਾ ਕੋਈ ਸਰਟੀਫਿਕੇਟ ਨਹੀਂ।ਅੰਗ੍ਰੇਜ਼ੀ ਹੋਰਨਾਂ ਭਾਸ਼ਾਵਾਂ ਦੀ ਤਰ੍ਹਾਂ ਇੱਕ ਭਾਸ਼ਾ ਹੈ।ਕੋਈ ਵੀ ਵਿਅਕਤੀ ਜ਼ਿਆਦਾ ਭਾਸ਼ਾਵਾਂ ਜਾਣ ਸਕਦਾ ਹੈ।ਪਰ ਸਾਡੇ ਲੋਕਾਂ ਨੂੰ ਗ਼ੁਲਾਮ ਬਣਾਉਣ ਲਈ ਇਸ ਭਾਸ਼ਾ ਦਾ ਇਸਤੇਮਾਲ ਕੀਤਾ ਜਾਂਦਾ।

ਕਾਲ਼ੇ ਅੰਗ੍ਰੇਜ਼ਾਂ ਦਾ, ਅੰਗ੍ਰੇਜ਼ੀਅਤ ਦਾ, ਅੰਗ੍ਰੇਜ਼ੀਅਤ ਦੇ ਫੈਸ਼ਨ ਦਾ ਵਿਰੋਧ ਕਰਨਾ ਬਹੁਤ ਜ਼ਰੂਰੀ ਹੈ ਤੇ ਉਹ ਸਾਰਾ ਗਿਆਨ ਆਮ ਲੋਕਾਂ ਦੀ ਭਾਸ਼ਾ 'ਚ ਆਮ ਲੋਕਾਂ ਤੱਕ ਪਹੁੰਚਾਉਣਾ ਤੇ ਉਹਨਾਂ ਨੂੰ ਪੜ੍ਹਨ ਲਈ ਪ੍ਰੇਰਨਾ। ਪੜ੍ਹਕੇ ਜੋ ਸਮਝ ਨਹੀਂ ਆਉਂਦਾ ਉਹਦੇ 'ਤੇ ਸਾਨੂੰ ਗੋਸ਼ਠੀਆਂ ਕਰਨੀਆਂ ਪੈਣਗੀਆਂ। ਮਤਲਬ ਗਿਆਨ ਪ੍ਰਸਾਰ ਦੇ ਤਰੀਕੇ ਕੀ ਕੀ ਹੋ ਸਕਦੇ ਨੇ, ਗੋਸ਼ਠੀਆਂ, ਸੈਮੀਨਾਰ, ਆਮ ਲੋਕਾਂ ਦੇ ਘਰ-ਘਰ ਕਿਤਾਬਾਂ ਲੈ ਕੇ ਜਾਣੀਆਂ। ਜਿਵੇਂ ਸਬਜ਼ੀਆਂ ਵੇਚਦੇ ਹਾਂ ਇਦਾਂ ਦੀ ਤੁਸੀਂ ਰੇਹੜੀ ਬਣਾ ਲੋ। ਉਹਦੇ 'ਤੇ ਕਿਤਾਬਾਂ ਵੇਚੋ, ਬੱਸਾਂ, ਟਰੇਨਾਂ ਵਿੱਚ ਜਾਕੇ ਕਿਤਾਬਾਂ ਵੇਚੋ। ਜਗ੍ਹਾ-ਜਗ੍ਹਾ ਪ੍ਰਦਰਸ਼ਨੀਆਂ ਲਾ ਲਾ ਕੇ, ਹੋਸਟਲਾਂ ਵਿੱਚ ਜਾ ਜਾ ਕੇ ਗਿਆਨ ਪ੍ਰਸਾਰ ਨੂੰ ਇੱਕ ਲਹਿਰ ਬਣਾਓ। ਫਿਰ ਬਹਿਸਾਂ ਕਿਉਂਕਿ ਬਹਿਸ ਬਿਨ੍ਹਾਂ, ਵਿਰੋਧ ਬਿਨ੍ਹਾਂ ਕੋਈ ਵਿਕਾਸ ਨਹੀਂ ਹੋ ਸਕਦਾ। ਜਿਹੜਾ ਭਗਤੀ ਭਾਵ ਹੈ ਆਪਣੇ ਜੈ ਹੋ ਵਾਲ਼ਾ, ਵਾਹ-ਵਾਹ ਵਾਲ਼ਾ ਇਹ ਸੱਭਿਆਚਾਰ ਖ਼ਤਮ ਕਰਨਾ ਪਵੇਗਾ। ਵਿਚਾਰਾਂ ਦਾ ਟਕਰਾਅ ਹੋਵੇ ਇੱਕ ਵਿਅਕਤੀ ਆਪਣੀ ਗੱਲ ਕਰਦਾ ਤਾਂ ਦੂਜਾ ਉਹਦੇ ਵਿਰੋਧ ਵਿੱਚ ਕਰੇ ਤੇ ਉਹਨਾਂ ਨੂੰ ਬੋਲਣ ਦਾ ਖੁੱਲ੍ਹਾ ਮੌਕਾ ਦਿੱਤਾ ਜਾਵੇ ਬੋਲਣ ਦਾ ਤੇ ਬਾਕੀ ਸੁਣਨ, ਨੋਟ ਕਰਨ। ਜਿਵੇਂ ਇੱਕ ਤਰਫ਼ਾ ਗੱਲ ਇੱਕ ਤਰਫ਼ਾ ਹੀ ਹੁੰਦੀ ਹੈ।ਆਪਣੇ ਲੋਕ ਬਹਿਸ ਤੋਂ ਬਹੁਤ ਡਰਦੇ ਨੇ। ਜੋ ਤੁਹਾਡਾ ਵਿਚਾਰ ਹੈ ਕੀ ਤੁਹਾਨੂੰ ਉਹਦੇ 'ਤੇ ਨਿਹਚਾ ਨਹੀਂ ਹੈ ? ਕਿ ਇਹ ਸਹੀ ਹੈ ? ਬਰੂਨੋ ਨੂੰ ਤਾਂ ਬਹੁਤ ਨਿਹਚਾ ਸੀਗਾ! ਬਰੂਨੋ, ਕਾਪਰਨਿਕਸ ਤੇ ਗੈਲੀਲੀਓ ਜੇਹੇ ਵਿਗਿਆਨੀਆਂ ਨੇ ਬਾਈਬਲ ਦਾ ਲਿਖਿਆ ਸਾਰਾ ਉਲਟਾ ਦਿੱਤਾ। ਬਾਈਬਲ ਕਹਿੰਦੀ ਹੈ ਕਿ ਸੂਰਜ ਧਰਤੀ ਦੁਆਲ਼ੇ ਘੁੰਮਦਾ ਹੈ ਪਰ ਉਹ ਕਹਿੰਦੇ ਨਹੀਂ ਇਹਦੇ ਉਲਟ ਹੈ। ਬਰੂਨੋ ਨੂੰ ਜਦ ਜਲਾਇਆ ਜਾ ਰਿਹਾ ਸੀ ਤਾਂ ਕੈਥੋਲਿਕ ਤੇ ਪ੍ਰੋਟੈਸਟੈਂਟ ਆਪਸ ਵਿੱਚ ਲੜ ਪਏ। ਇੱਕ ਕਹਿੰਦੇ ਸਨ ਕਿ ਬਰੂਨੋ ਨੂੰ ਤੜਫਾ-ਤੜਫਾ ਕੇ ਮਾਰਨਾ ਚਾਹੀਦਾ ਹੈ। ਕੁਝ ਕਹਿੰਦੇ ਸੀ ਜਲਦੀ ਕੰਮ ਨਬੇੜੋ। ਬਰੂਨੋ ਕਹਿੰਦਾ ਮੈਨੂੰ ਕੁੱਝ ਵੀ ਕਰ ਲੋ, ਜਿਵੇਂ ਮਰਜ਼ੀ ਮਾਰੋ ਪਰ ਇਸ ਨਾਲ਼ ਤੁਹਾਡੀ ਕਿਤਾਬ ਕਦੇ ਸਹੀ ਸਾਬਤ ਨਹੀਂ ਹੋਵੇਗੀ। ਧਰਤੀ ਹੀ ਸੂਰਜ ਦੁਆਲ਼ੇ ਘੁੰਮਦੀ ਹੈ ਤੇ ਇਸ ਤੋਂ ਉਲਟਾ ਨਹੀਂ ਹੋਣ ਲੱਗਿਆ। ਦੇਖੋ ਕਿੰਨੀ ਉਸ ਬੰਦੇ ਨੂੰ ਨਿਹਚਾ ਸੀ ਆਪਣੇ ਵਿਚਾਰਾਂ 'ਤੇ। ਬਰੂਨੋ ਜਿਹੀ ਨਿਹਚਾ ਹੋਣੀ ਚਾਹੀਦੀ ਹੈ ਬੰਦੇ ਨੂੰ ਆਪਣੇ ਵਿਚਾਰਾਂ 'ਤੇ ਅਤੇ ਗ਼ਲਤ ਹੋਣ 'ਤੇ... ਜਿਵੇਂ ਆਪਾਂ ਇੱਕ ਗੋਸ਼ਠੀ ਕਰਵਾਈ ਜਾਤ-ਪਾਤ ਦੇ ਸਵਾਲ 'ਤੇ ਤਾਂ ਆਪਣਾ ਇੱਕ ਸਾਥੀ ਕਹਿੰਦਾ, "ਤਿਆਰੀ ਕਰ ਲੈ ਕਾਮਰੇਡਾ, ਕਿਤੇ ਬੇਇੱਜ਼ਤੀ ਨਾ ਕਰਵਾ ਦਵੀਂ"। ਮੈਂ ਸੋਚਿਆ ਕਿ ਇਸ ਵਿੱਚ ਬੇਇੱਜ਼ਤੀ ਵਾਲ਼ੀ ਕਿਹੜੀ ਗੱਲ ਹੈ। ਜੇ ਮੰਨ ਲਵੋ ਮੇਰੀ

ਗੱਲ ਗ਼ਲਤ ਸਾਬਤ ਹੋਗੀ ਤਾਂ ਮੈਂ ਤੁਹਾਡੀ ਗੱਲ ਮੰਨ ਲਵਾਂਗਾ। ਇਸ ਵਿੱਚ ਇੱਜ਼ਤ-ਬੇਇੱਜ਼ਤੀ ਵਾਲ਼ੀ ਕਿਹੜੀ ਗੱਲ ਹੈ? ਆਪਣੇ ਜ਼ਿਆਦਾਤਰ ਲੋਕ ਜੋ ਹਨ ਉਹ ਇੱਜ਼ਤ-ਬੇਇੱਜ਼ਤੀ ਦਾ ਸਵਾਲ ਬਣਾ ਲੈਂਦੇ ਹਨ। ਇਸੇ ਲਈ ਸਾਡੇ ਸਮਾਜ ਵਿੱਚ ਬਹਿਸ ਨਹੀਂ ਹੈਗੀ। ਹੁਣ ਸਾਡੇ ਕੀ ਹੈ ਕਿ ਕਬੱਡੀ ਹੁੰਦੀ ਹੈ। ਕਬੱਡੀ ਬਹੁਤ ਜ਼ਰੂਰੀ ਹੈ, ਤਗੜੇ ਹੋਣ ਲਈ। ਹੁਣ ਜਿਵੇਂ ਸਾਡੇ ਕਬੱਡੀ ਹੁੰਦੀ ਹੈ, ਫਰਾਂਸ ਵਿੱਚ ਬਹਿਸਾਂ ਹੁੰਦੀਆਂ ਹਨ। ਜਿਵੇਂ ਕਬੱਡੀ ਵਾਲ਼ੇ ਖਿਡਾਰੀ ਤਿਆਰੀ ਕਰਕੇ ਆਉਂਦੇ ਹਨ। ਉਵੇਂ ਹੀ ਉੱਥੇ ਲੋਕ ਬਹਿਸ ਲਈ ਤਿਆਰੀ ਕਰਕੇ ਆਉਂਦੇ ਹਨ। ਜਿਵੇਂ ਪਹਿਲਵਾਨ ਘੁਲਣ ਦੀ ਕਈ ਕਈ ਮਹੀਨੇ ਤਿਆਰੀ ਕਰਕੇ ਆਉਂਦੇ ਹਨ ਉਵੇਂ ਹੀ ਉਹ ਪੜ੍ਹਾਈ ਕਰਦੇ ਨੇ। ਉੱਥੇ ਕੋਈ ਇੱਕ ਲੇਖ ਪੜ੍ਹਦਾ ਹੈ ਤੇ ਉਸ ਲੇਖ 'ਤੇ ਬਹਿਸਾਂ ਹੁੰਦੀਆਂ ਨੇ ਤੇ ਉਹ ਬਹਿਸਾਂ ਸੁਣਨ ਲਈ ਸੈਂਕੜੇ-ਹਜ਼ਾਰਾਂ ਲੋਕ ਇਕੱਠੇ ਹੁੰਦੇ ਨੇ। ਜਿਵੇਂ ਸਾਡੇ ਪਿੰਡਾਂ ਵਿੱਚ ਪਹਿਲਵਾਨ ਘੁਲ਼ਦੇ ਵੇਖਣ ਲਈ ਲੋਕ ਇਕੱਠੇ ਹੁੰਦੇ ਹਨ। ਉੱਥੇ ਬਹਿਸਾਂ ਸੁਣਨ ਲਈ ਲੋਕ ਇਕੱਠੇ ਹੁੰਦੇ ਹਨ। ਜਿਵੇਂ ਇੱਕ ਬੰਦਾ ਆਸਟਰੇਲੀਆ ਵਿੱਚ ਗਿਆ ਤਾਂ ਉਹ ਦੱਸਦਾ ਕਿ ਸਾਡੇ ਉੱਥੇ ਇੱਕ ਤਿਉਹਾਰ ਹੁੰਦਾ। ਉਹਨੂੰ 'ਵਿਚਾਰਾਂ ਦਾ ਤਿਉਹਾਰ' ਕਹਿੰਦੇ ਨੇ। ਯੂਨੀਵਰਸਿਟੀਆਂ ਵਿੱਚ ਹੁੰਦੇ ਨੇ ਉਹ। ਉਹ ਸਾਰੇ ਸੰਸਾਰ ਦੇ ਵਿਦਵਾਨਾਂ ਨੂੰ ਸੱਦਦੇ ਨੇ। ਉਹਨਾਂ ਦੇ ਭਾਸ਼ਣ ਕਰਵਾਉਂਦੇ ਨੇ ਤੇ ਉਹਦੇ 'ਤੇ ਬਹਿਸਾਂ ਕਰਵਾਉਂਦੇ ਨੇ। ਹੁਣ ਉੱਥੇ ਕੀ ਹੈ ਕਿ ਜੋ ਕੁੱਝ ਤੁਸੀਂ ਸਾਲਾਂ ਵਿੱਚ ਸਿੱਖਦੇ ਹੋਂ। ਉੱਥੇ ਤੁਸੀਂ ਇੱਕ ਗੋਸ਼ਠੀ ਵਿੱਚ ਸਿੱਖ ਜਾਂਦੇ ਹੋਂ। ਮਤਲਬ ਕਿ ਇਦਾਂ ਦੇ ਕੰਮ ਆਪਾਂ ਨੂੰ ਕਰਨੇ ਪੈਣਗੇ। ਅਲੱਗ-ਅਲੱਗ ਵਿਚਾਰਾਂ ਦੇ ਲੋਕ ਆਉਣ ਤੇ ਉੱਥੇ ਵਿਚਾਰ ਰੱਖਣ ਆਪੋ-ਆਪਣੇ ਤੇ ਸਰੋਤੇ ਸਹੀ ਦੇ ਗ਼ਲਤ ਦਾ ਨਿਤਾਰਾ ਕਰਨ, ਕਿਉਂਕਿ ਹਰੇਕ ਨੂੰ ਸਹੀ ਜਾਂ ਗ਼ਲਤ ਦੀ ਸਮਝ ਹੁੰਦੀ ਹੈ। ਇੱਕ ਪੈਨਲ ਡਿਸਕਸ਼ਨ ਹੁੰਦੀ ਹੈ। ਜਿਵੇਂ ਟੀ.ਵੀ. 'ਤੇ ਆਉਂਦਾ ਹੈ ਕਿ ਚਾਰ-ਪੰਜ ਬੰਦੇ ਬੈਠਕੇ ਆਪੋ-ਆਪਣੀ ਗੱਲ ਕਰਦੇ ਹਨ। ....ਗਿਆਨ ਪ੍ਰਸਾਰ ਦਾ ਮਤਲਬ ਆਪਣੇ ਸਮਾਜ ਵਿੱਚ ਕੀ ਹੈ? ਇੱਕ ਤਾਂ ਆਪਣੇ ਸਮਾਜ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ ਅੰਧ-ਵਿਸ਼ਵਾਸ, ਧਾਰਮਿਕ ਤੁਅੱਸਬ, ਤੁਅੱਸਬ ਕੀ ਨੇ? ਕਿ ਉਹ ਘਟੀਆ ਤੇ ਮੈਂ ਵਧੀਆ। ਅਗਲੇ ਤੇ ਪਿੱਛਲੇ ਜਨਮਾਂ ਦੇ ਗੇੜ। ਇਹਦੇ ਖਿਲਾਫ਼ ਆਪਾਂ ਨੂੰ ਲੜਨਾ ਚਾਹੀਦਾ ਹੈ ਤੇ ਬਹੁਤ ਵੱਡੇ ਪੱਧਰ 'ਤੇ ਪ੍ਰਚਾਰ ਕਰਨਾ ਚਾਹੀਦਾ ਹੈ। ਆਮ ਲੋਕਾਂ ਵਿੱਚ ਗ਼ਰੀਬ ਲੋਕਾਂ ਵਿੱਚ ਵਿਗਿਆਨ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਕਿਉਂਕਿ ਸਭ ਤੋਂ ਵੱਧ ਤੁਅੱਸਬ ਤਾਂ ਉੱਥੇ ਨੇ। ਜਿਵੇਂ ਭਗਤ ਸਿੰਘ ਨੇ ਵੀ ਲਿਖਿਆ ਕਿ ਧਾਰਮਿਕ ਤੁਅਸੱਬ ਸਾਡੀ ਤਰੱਕੀ ਵਿੱਚ ਸਭ ਤੋਂ ਵੱਡਾ ਰੋੜਾ ਨੇ। ਦੂਜਾ ਜਾਤ-ਪਾਤੀ ਤੁਅਸੱਬ। ਪਿਛਲੇ ਸੱਠ ਸਾਲਾਂ ਵਿੱਚ ਜਾਤ-ਪਾਤ ਤਾਂ ਘਟੀ ਹੈ ਤੇ ਛੂਆ-ਛੂਤ ਤਾਂ ਰਹੀ ਨਹੀਂ ਉਸ ਰੂਪ ਵਿੱਚ। ਪਰ ਜਾਤ-ਪਾਤ ਦੀਆਂ ਜੜ੍ਹਾਂ ਬਹੁਤ ਗਹਿਰੀਆਂ ਨੇ ਸਾਡੇ ਦਿਮਾਗਾਂ ਵਿੱਚ। ਅੱਜ ਵੀ ਦੇਖੋ ਵਿਆਹ ਲੋਕੀਂ ਆਪਣੀ ਜਾਤ ਵਿੱਚ ਹੀ ਕਰਦੇ ਨੇ। ਅੰਤਰਜਾਤੀ ਵਿਆਹ ਨੂੰ ਬੁਰਾ ਮੰਨਿਆ ਜਾਂਦਾ ਹੈ। ਜੇ ਤਾਂ ਕੁੜੀ ਦਲਿਤਾਂ ਦੀ ਹੋਵੇ ਤੇ

ਮੁੰਡਾ ਉੱਪਰਲੀ ਜਾਤ ਦਾ ਹੋਵੇ ਤਾਂ ਚੱਲ ਜਾਂਦਾ ਹੈ ਪਰ ਜੇ ਇਸ ਤੋਂ ਉਲਟ ਹੋ ਜਾਵੇ ਤਾਂ ਜਿਵੇਂ ਤਮਿਲਨਾਡੂ ਵਿੱਚ ਤਾਂ ਉਹ ਬਸਤੀਆਂ ਜਲਾ ਦਿੰਦੇ ਨੇ। ਜਿਵੇਂ ਕਿਸੇ ਦਲਿਤਾਂ ਦੇ ਮੁੰਡੇ ਨੂੰ ਉੱਚ ਜਾਤੀ ਦੀ ਕੁੜੀ ਨਾਲ਼ ਪ੍ਰੇਮ ਹੋ ਗਿਆ ਤਾਂ ਪੂਰੀ ਦੀ ਪੂਰੀ ਬਸਤੀ ਨੂੰ ਉਹ ਜਲਾ ਦਿੰਦੇ ਨੇ। ਅੱਜ ਵੀ ਜਾਤ-ਪਾਤ ਇੰਨੀ ਡੂੰਘੀ ਹੈ ਤੇ ਜਿੱਥੇ ਉਸ ਰੂਪ ਵਿੱਚ ਨਹੀਂ ਹੈਗੀ ਉੱਥੇ ਆਪਣੇ ਦਿਮਾਗਾਂ ਵਿੱਚ ਬਹੁਤ ਗਹਿਰੀ ਹੈ। ਜਿਵੇਂ ਅਕਸਰ ਗਾਲ਼ ਕੱਢਦੇ ਹਾਂ ਆਪਾਂ, ਮਨ ਹੀ ਮਨ ਕੱਢਦੇ ਹਾਂ ਤੇ ਕਈ ਸ਼ਰੇਆਮ ਕੱਢਦੇ ਨੇ। ਕਿਸੇ ਦੀ ਜਾਤ ਦਾ ਨਾਮ ਲੈ ਕੇ ਗਾਲ਼ ਕੱਢਦੇ ਨੇ। ਇਹ ਜਾਤ-ਪਾਤੀ ਬੰਧਨ ਤੋੜਨੇ ਬਹੁਤ ਜ਼ਰੂਰੀ ਨੇ, ਤੁਅੱਸਬ ਤੋੜਨੇ ਬਹੁਤ ਜ਼ਰੂਰੀ ਹੁੰਦੇ ਨੇ। ਤੁਅੱਸਬ ਕੀ ਹੁੰਦੇ ਨੇ ? ਕਿ ਬਿਨਾਂ ਜਾਣਕਾਰੀ ਦੇ ਬਣੀ ਹੋਈ ਰਾਏ। ਜਾਤ-ਪਾਤ ਬਿਲਕੁਲ ਗ਼ੈਰ-ਵਿਗਿਆਨਕ ਹੈ। ਇਹਦਾ ਕੋਈ ਵਿਗਿਆਨਕ ਅਧਾਰ ਨਹੀਂ ਹੈ। ਸਭ ਲੋਕਾਂ ਦਾ ਲਹੂ ਏ ਪਾਜ਼ਟਿਵ ਜਾਂ ਬੀ ਪਾਜ਼ਟਿਵ ਤਾਂ ਹੋ ਸਕਦਾ ਹੈ ਪਰ ਹੋਰ ਕੋਈ ਫ਼ਰਕ ਨਹੀਂ ਹੈ। ਇੱਕੋ ਜਿਹੇ ਮਨੁੱਖ ਨੇ ਸਾਰੇ, ਇਹ ਵੰਡੀਆਂ ਆਪਾਂ ਨੂੰ ਆਪਣੀ ਭਾਸ਼ਾ ਵਿੱਚੋਂ ਵੀ ਖ਼ਤਮ ਕਰਨੀ ਚਾਹੀਦੀ ਹੈ।

ਕਹਿਣ ਦਾ ਮਤਲਬ ਜਾਤ ਪਾਤ ਦੇ ਬੰਧਨ ਤੋੜੀਏ। ਪਹਿਲਾਂ ਆਪਣੀ ਜ਼ਿੰਦਗੀ 'ਚੋਂ ਉਹ ਗੱਲਾਂ ਖ਼ਤਮ ਕੀਤੀਆਂ ਜਾਣ। ਇਨਾਂ ਸਾਹਸ ਜੁਟਾਇਆ ਜਾਵੇ। ਇੰਨੀ ਹਿੰਮਤ ਜੁਟਾਈ ਜਾਵੇ। ਸਮਾਜ ਵਿੱਚ ਵਿਦਰੋਹੀਆਂ ਦੀ ਤਰ੍ਹਾਂ ਜੀਵਿਆ ਜਾਵੇ, ਬਾਗ਼ੀਆਂ ਦੀ ਤਰ੍ਹਾਂ, ਅਲੱਗ ਤਰ੍ਹਾਂ ਦੇ ਲੋਕਾਂ ਦੀ ਤਰ੍ਹਾਂ ਜੀਵਿਆ ਜਾਵੇ। ਲੋਕੀਂ ਕਹਿਣਗੇ ਇਹ ਤਾਂ ਪਾਗ਼ਲ ਹੈ ਪਰ ਫਿਰ ਵੀ ਤੁਹਾਨੂੰ ਚੰਗਾ ਸਮਝਣਗੇ, ਪਰ ਜੇ ਲੋਕ ਕਹਿਣ ਕਿ ਦੋਗ਼ਲਾ ਹੈ, ਫੇਰ ਤੁਹਾਨੂੰ ਨਫ਼ਰਤ ਕਰਨਗੇ ਕਿ ਕਹਿੰਦਾ ਕੁੱਝ ਹੈ ਪਰ ਕਰਦਾ ਕੁੱਝ ਹੈ। ਕਿਉਂਕਿ ਲੋਕੀਂ ਇੱਕ ਹਜ਼ਾਰ ਇੱਕ ਅੱਖ ਨਾਲ਼ ਤੁਹਾਨੂੰ ਦੇਖਦੇ ਹਨ। ਜਿਵੇਂ ਕਿਸੇ ਨੂੰ ਕੋਈ ਮਿਹਨਤੀ ਬੰਦਾ ਪਸੰਦ ਕਰ ਸਕਦਾ ਕਿ ਵਾਹ ਬੰਦਾ ਬਹੁਤ ਮਿਹਨਤ ਕਰਦਾ ਹੈ। ਕੋਈ ਕਹੇ ਕਿ ਇਹ ਬੰਦਾ ਤਾਂ ਬਹੁਤ ਵਿਦਵਾਨ ਹੈ, ਪੜ੍ਹਿਆ ਬਹੁਤ ਹੈ, ਕੋਈ ਕਹੇ ਕਿ ਬੰਦਾ ਬਹੁਤ ਬਹਾਦਰ ਹੈ, ਕੋਈ ਕਹੇ ਕਿ ਇਹ ਜੋ ਕਹਿੰਦਾ ਉਹੀ ਕਰਦਾ। ਹੁਣ ਆਪਣੇ ਲਹਿਰ ਕਿਉਂ ਬਦਨਾਮ ਹੈ ਕਿ ਆਪਣੇ ਕਹਿੰਦੇ ਕੁੱਝ ਨੇ ਕਰਦੇ ਕੁੱਝ ਨੇ। ਆਪਣੇ ਕਮਿਊਨਿਸਟ ਕਿਉਂ ਬਦਨਾਮ ਨੇ ਇਹ ਇਸੇ ਲਈ ਬਦਨਾਮ ਨੇ। ਇਹ ਕਹਿੰਦੇ ਨੇ ਭਗਤ ਸਿੰਘ ਜੰਮੇ ਜ਼ਰੂਰ ਪਰ ਜੰਮੇ ਗੁਆਂਢੀਆਂ ਦੇ। ਆਪਣੇ ਬੱਚਿਆਂ ਨੂੰ ਉਹ ਕਦੇ ਲਹਿਰ ਵਿੱਚ ਨਹੀਂ ਲੈ ਕੇ ਆਉਂਦੇ, ਆਪਣੇ ਬੱਚਿਆਂ ਨੂੰ ਸੈੱਟ ਕਰਨਗੇ, ਪਰ ਦੂਜਿਆਂ ਦੇ ਬੱਚੇ ਨੂੰ ਭਗਤ ਸਿੰਘ ਬਣਾਉਣਗੇ। ਵਿਆਹ ਸ਼ਾਦੀਆਂ ਸਭ ਉਸੇ ਤਰ੍ਹਾਂ ਚੱਲਦੇ ਨੇ। ਜਿਵੇਂ ਲੱਚਰ-ਗਾਇਕੀ ਵਿਰੁੱਧ ਧਰਨੇ ਹੋਏ ਪਿੱਛੇ ਜਿਹੇ ਪਰ ਉਹਨਾਂ ਗੀਤਾਂ 'ਤੇ ਨੱਚਦੇ ਵੀ ਨੇ ਦਾਰੂ ਪੀ ਕੇ। ਵਿਚਾਰਾਂ ਪੱਖੋਂ ਨਾਸਤਿਕ ਨੇ ਪਰ ਧਾਰਮਿਕ ਰਸਮਾਂ ਸਭ ਕੁੱਝ ਕਰਦੇ ਨੇ ਇਹ। ਮਰਨ 'ਤੇ ਕਰਦੇ ਨੇ, ਜਨਮ 'ਤੇ ਕਰਦੇ ਨੇ, ਵਿਆਹਾਂ 'ਤੇ ਕਰਦੇ ਨੇ। ਤੁਸੀਂ ਜਿਹੜੇ ਵਿਚਾਰ ਨੂੰ ਮੰਨਦੇ ਹੋਂ ਉਹਦੇ ਮੁਤਾਬਕ ਜੀਵਨ ਜੀਓ ਮੈਂ ਜਿਹੜੇ ਵਿਚਾਰ ਨੂੰ ਮੰਨਦਾਂ, ਮੈਂ ਉਸ ਮੁਤਾਬਕ

ਜੀਵਨ ਜੀਊਂਗਾ ਹੁਣ ਮੇਰਾ ਵਿਚਾਰ ਤਾਂ ਕੁੱਝ ਹੋਰ ਹੈ ਪਰ ਜੀਵਨ ਢੰਗ ਕੁੱਝ ਹੋਰ ਤਾਂ ਫਿਰ ਇਹ ਤਾਂ ਦੋਗਲ਼ਾਪਣ ਹੈ ਨਾ ? ਜੋ ਜਿਹਦਾ ਵਿਚਾਰ ਹੈ ਉਹਦੇ ਮੁਤਾਬਕ ਹੀ ਜੀਣਾ ਚਾਹੀਦਾ ਹੈ ਬੰਦੇ ਨੂੰ। ਸਮਾਜ ਵਿੱਚ ਵਿਦਰੋਹੀਆਂ ਦੀ ਤਰ੍ਹਾਂ ਜਿਹੜੀਆਂ ਵੀ ਕਦਰਾਂ ਕੀਮਤਾਂ ਗ਼ਲਤ ਨੇ ਉਹਦੇ ਵਿਰੁੱਧ ਤੁਸੀਂ ਬੋਲੋ। ਜਿਵੇਂ ਇਹਦਾ ਤਰਕ ਇਹ ਦਿੱਤਾ ਜਾਂਦਾ ਕਿ ਆਪਾਂ ਲੋਕਾਂ ਤੋਂ ਨਿੱਖੜ ਜਾਵਾਂਗੇ ਤੇ ਆਪਾਂ ਕਹਿੰਨੇ ਕਿ ਲੋਕੀਂ ਹੈ ਹੀ ਕਿੰਨੇ ਕੁ ਨੇ ਮਗਰ ? ਲੋਕ ਤਾਂ ਵਿਚਾਰਾਂ ਨਾਲ਼ ਆਉਂਦੇ ਨੇ। ਹੁਣ ਤੁਸੀਂ ਆਪਣੇ ਵਿਚਾਰਾਂ ਤੋਂ ਉਲਟ ਅਮਲ ਕਰਦੇ ਹੋਂ ਤਾਂ ਫਿਰ ਲੋਕ ਕਿਵੇਂ ਜੁੜ ਜਾਣਗੇ। ਦੂਜੀ ਗੱਲ ਲੋਕੀਂ ਟੁੱਟਦੇ ਨਹੀਂ ਸਗੋਂ ਲੋਕੀਂ ਇੱਜ਼ਤ ਕਰਦੇ ਨੇ ਤੁਹਾਡੀ। ਲੋਕੀਂ ਕਹਿੰਦੇ ਨੇ ਕਿ ਭਾਵੇਂ ਕੁੱਝ ਵੀ ਹੈ ਬੰਦਾ ਜੋ ਕਹਿੰਦਾ ਹੈ ਕਰਦਾ ਤਾਂ ਉਹੀ ਹੈ। ਆਪਣੇ ਵਿਚਾਰਾਂ ਵਿੱਚ ਦ੍ਰਿੜ ਤਾਂ ਹੈਗਾ। ਜੋ ਵੀ ਤੁਹਾਡੇ ਵਿਚਾਰ ਨੇ ਤੁਸੀਂ ਉਹਦੇ ਮੁਤਾਬਕ ਜੀਵਨ ਜੀਓ ਪਰ ਸਾਡਾ ਗਿਲਾ ਸਾਡੇ ਆਪਣੇ ਬੰਦਿਆਂ ’ਤੇ ਹੈ। ਇਹਨਾਂ ਦਾ ਜੋ ਵਿਚਾਰ ਹੈ, ਇਹਨਾਂ ਦਾ ਜੀਵਨ ਉਹਦੇ ਤੋਂ ਬਿਲਕੁਲ ਉਲਟ ਹੈ। ਉਸ ਤੋਂ ਉਲਟ ਜੀਂਦੇ ਨੇ, ਇਸੇ ਲਈ ਸਾਡੀ ਲਹਿਰ ਬਦਨਾਮ ਹੈ। ਇਸੇ ਲਈ ਲੋਕ ਸਾਡੇ ਨਾਲ਼ ਨਹੀਂ ਰਹੇ। ਉਹ ਕਹਿੰਦੇ ਇਹ ਕਰਦੇ ਕੁੱਝ ਨੇ ਕਹਿੰਦੇ ਕੁੱਝ ਨੇ ਤੇ ਸਿਰਫ਼ ਇੱਥੇ ਹੀ ਨਹੀਂ ਮਜ਼ਦੂਰਾਂ ਵਿੱਚ ਵੀ ਅਸੀਂ ਇੰਝ ਹੀ ਗੱਲ ਕਰਦੇ ਹਾਂ। ਉਹਨਾਂ ਨੂੰ ਪਹਿਲਾਂ ਕਹਿ ਦਈਦਾ ਹੈ ਕਿ ਜਿਹੜੀ ਗੱਲ ਅਸੀਂ ਹੁਣ ਕਰਨ ਲੱਗੇ ਹਾਂ ਉਹ ਤੁਹਾਨੂੰ ਭੈੜੀ ਲੱਗੇਗੀ। ਪਰ ਉਹ ਕਹਿੰਦੇ ਨੇ ਹਾਂ ਕਹੋ। ਫਿਰ ਆਪਾਂ ਉਹਨਾਂ ਨੂੰ ਕਹੀਦਾ ਹੈ ਕਿ ਤੁਸੀਂ ਕਿਉਂ ਗ਼ੁਲਾਮ ਹੋਂ, ਕਿਉਂਕਿ ਤੁਸੀਂ ਮਾਲਕਾਂ ’ਤੇ ਆਪਣੀ ਰੋਟੀ ਲਈ ਨਿਰਭਰ ਹੋ ਤੇ ਤੁਹਾਡੀਆਂ ਪਤਨੀਆਂ ਰੋਟੀ ਲਈ ਤੁਹਾਡੇ ’ਤੇ ਨਿਰਭਰ ਨੇ ਤੇ ਉਹ ਤੁਹਾਡੀਆਂ ਗ਼ੁਲਾਮ ਹਨ ਤੇ ਜਿਹੜਾ ਬੰਦਾ ਕਿਸੇ ਨੂੰ ਗ਼ੁਲਾਮ ਬਣਾਉਂਦਾ, ਉਹ ਗ਼ੁਲਾਮੀ ਖ਼ਿਲਾਫ ਕਿਵੇਂ ਲੜ ਸਕਦਾ ਹੈ। ਉਸਨੂੰ ਕੋਈ ਹੱਕ ਹੀ ਨਹੀਂ। ਜਦ ਤੱਕ ਤੁਸੀਂ ਆਪਣੀਆਂ ਪਤਨੀਆਂ ਨੂੰ ਅਜ਼ਾਦ ਨਹੀਂ ਕਰਦੇ ਤੁਸੀਂ ਇਸ ਗ਼ੁਲਾਮੀ ਖ਼ਿਲਾਫ਼ ਲੜ ਨਹੀਂ ਸਕਦੇ। ਇੱਕ ਔਰਤ ਨੇ ਸਾਨੂੰ ਚਿੱਠੀ ਲਿਖੀ ਕਿ ਅਸੀਂ ਫੈਕਟਰੀ ਮਾਲਕ ਦੀਆਂ ਗੁਲਾਮ ਥੋੜ੍ਹੇ ਹੀ ਹਾਂ ? ਮੇਰਾ ਮਾਲਕ ਤਾਂ ਇਹ ਹੈ, ਇਹ ਅੱਠ ਵਜੇ ਉਠਦਾ, ਮੈਂ ਛੇ ਵਜੇ ਉੱਠਦੀ ਹਾਂ। ਇਹ ਰੋਟੀ ਖਾਂਦੈ ਤੇ ਮੈਂ ਪਕਾਉਂਦੀ ਹਾਂ। ਸਾਰਾ ਦਿਨ ਮੈਂ ਵੀ ਕੰਮ ਕਰਦੀ ਹਾਂ। ਰਾਤ ਨੂੰ ਇਹ ਤਾਂ ਦਾਰੂ ਪੀ ਕੇ ਆਉਂਦੈ ਸੌਂ ਜਾਂਦੈ ਤੇ ਮੈਂ ਰੋਟੀ ਪਕਾਉਂਦੀ ਹਾਂ। ਔਰਤਾਂ ਨੂੰ ਲੱਗਦੈ ਕਿ ਸਾਨੂੰ ਅਸਲ ਗ਼ੁਲਾਮ ਤਾਂ ਇਹਨਾਂ ਨੇ ਬਣਾਇਆ ਹੋਇਆ ਹੈ ਅਤੇ ਇਹ ਸਭ ਕੁੱਝ ਮਜ਼ਦੂਰ ਸੁਣਦੇ ਨੇ। ਹੋਰ ਉਹ ਕੀ ਕਰਦੇ ਨੇ ? ਆਪਣੀਆਂ ਘਰਵਾਲ਼ੀਆਂ ਨੂੰ ਆਪਣੇ ਪਿੰਡ ਛੱਡ ਆਉਂਦੇ ਨੇ। ਅਸੀਂ ਪੁੱਛਦੇ ਹਾਂ ਕਿ ਉੱਥੇ ਕਿਉਂ ਛੱਡ ਆਇਆਂ ? ਉਹ ਕਹਿੰਦੇ ਨੇ ਇੱਥੇ ਖ਼ਰਾਬ ਹੋ ਜਾਵੇਗੀ। ਅਸੀਂ ਕਹਿੰਦੇ ਉੱਥੇ ਕੀ ਗਰੰਟੀ ਹੈ ਕਿ ਨਹੀਂ ਹੋਵੇਗੀ। ਤੇ ਇਹ ਜੋ ਸੰਘਰਸ਼ ਚੱਲਦਾ ਇਸਨੂੰ ਸੱਭਿਆਚਾਰਕ ਸੰਘਰਸ਼ ਕਹਿੰਦੇ ਨੇ। ਇਹ ਅਸੀਂ ਕਰਦੇ ਹਾਂ। ਔਰਤਾਂ ’ਤੇ ਮਜ਼ਦੂਰ ਗੰਦੇ-ਗੰਦੇ ਕਮੈਂਟ ਕਰਦੇ ਨੇ, ਇਹਦੇ ਖ਼ਿਲਾਫ਼ ਉਹਨਾਂ ਨਾਲ਼ ਲੜਾਈ ਚੱਲਦੀ ਹੈ। ਗ੍ਰਾਮਸ਼ੀ ਇਟਲੀ

ਦਾ ਬਹੁਤ ਵੱਡਾ ਦਾਰਸ਼ਨਿਕ, ਵਿਦਵਾਨ ਹੋਇਆ। ਉਹ ਕਹਿੰਦੈ ਕਿ ਸਰਮਾਏਦਾਰ ਜਮਾਤ ਸਹਿਮਤੀ ਨਾਲ਼ ਹਕੂਮਤ ਕਰਦੀ ਹੈ। ਉਹ ਆਪਣੇ ਵਿਚਾਰ ਸਾਡੇ ਦਿਮਾਗ਼ਾ ਵਿੱਚ ਭਰਦੀ ਹੈ ਤੇ ਉਹਨਾਂ ਨਾਲ਼ ਹਕੂਮਤ ਕਰਦੀ ਹੈ। ਇਸ ਲਈ ਕਿਸੇ ਵੀ ਉੱਭਰ ਰਹੀ ਜਮਾਤ ਨੂੰ—ਜਿਹਨੇ ਨਵਾਂ ਸਮਾਜ ਬਣਾਉਣਾ—ਪੁਰਾਣੀ ਹਾਕਮ ਜਮਾਤ ਦੇ ਵਿਚਾਰਾਂ ਨੂੰ ਖ਼ਤਮ ਕਰਨਾ ਪਵੇਗਾ ਤੇ ਆਪਣੇ ਵਿਚਾਰਾਂ ਦੀ ਸਰਦਾਰੀ ਨੂੰ ਸਥਾਪਤ ਕਰਨੀ ਪਵੇਗੀ। ਇਸ ਤੋਂ ਬਿਨਾਂ ਕੋਈ ਨਵੀਂ ਦੁਨੀਆਂ ਨਹੀਂ ਸਿਰਜੀ ਜਾ ਸਕਦੀ। ਹੁਣ ਆਪਾਂ ਕਹੀਏ ਕਿ ਸਿਰਫ਼ ਆਰਥਿਕ ਸੰਘਰਸ਼ਾਂ ਵਿੱਚ ਆਪਾਂ ਸਰਦਾਰੀ ਕਰਾਂਗੇ ਬਾਕੀ ਸਭ ਛੱਡ ਦੇਵਾਂਗੇ ਨਹੀਂ ਤਾਂ ਆਪਾਂ ਲੋਕਾਂ ਨਾਲ਼ੋਂ ਨਿੱਖੜ ਜਾਵਾਂਗੇ। ਹੁਣ ਜੇ ਆਪਾਂ ਧਾਰਮਿਕ ਤੁਅੱਸਬਾਂ ਖ਼ਿਲਾਫ਼ ਮਜ਼ਦੂਰਾਂ ਨੂੰ ਨਹੀਂ ਸਿੱਖਿਅਤ ਕਰਦੇ ਤਾਂ ਇਹ ਝੰਡਾ ਚੁੱਕ ਕੇ ਲੜਾਈ ਲੜਨਗੇ ਤਨਖਾਹ ਵਧਾਉਣ ਦੀ ਤੇ ਮੁੜਕੇ ਇਹ ਕੇਸਰੀ ਝੰਡਾ ਗੱਡਕੇ ਇੱਕ ਦੂਜੇ ਦਾ ਕਤਲ ਕਰਨਗੇ। 1930 ਤੋਂ ਲੈ ਕੇ 50 ਤੱਕ ਕਮਿਊਨਿਸਟ ਪਾਰਟੀ ਦਾ ਬਹੁਤ ਵੱਡਾ ਅਧਾਰ ਸੀ ਸ਼ਹਿਰੀ ਮਜ਼ਦੂਰਾਂ ਵਿੱਚ ਬੰਬਈ, ਕਲਕੱਤੇ ਆਦਿ ਵਿੱਚ ਤੇ ਜਦੋਂ ਸੰਤਾਲ਼ੀ ਦੇ ਦੰਗੇ ਹੋਏ ਉਦੋਂ ਉਹ ਸਾਰੇ ਦੰਗਿਆਂ ਵਿੱਚ ਮਜ਼ਦੂਰ ਵੀ ਸ਼ਾਮਲ ਸਨ। ਕਿਉਂਕਿ ਪਾਰਟੀ ਨੇ ਉਹਨਾਂ ਨੂੰ ਵਿਚਾਰਧਾਰਕ ਤੌਰ 'ਤੇ ਤਿਆਰ ਨਹੀਂ ਕੀਤਾ। ਉਹ ਸੰਸਕਾਰ ਨਹੀਂ ਤੋੜੇ ਜੋ ਕਿ ਹਾਕਮ ਜਮਾਤ ਦੇ ਸੰਸਕਾਰ ਨੇ। ਜਿਵੇਂ ਔਰਤਾਂ ਮਰਦਾਂ ਤੋਂ ਹੀਣੀਆਂ ਹੁੰਦੀਆਂ ਨੇ, ਇਹ ਹਾਕਮ ਜਮਾਤ ਦਾ ਵਿਚਾਰ ਹੈ। ਇਹ ਕੋਈ ਵਿਗਿਆਨਕ ਵਿਚਾਰ ਨਹੀਂ ਹੈ। ਕੁੱਝ ਲੋਕ ਘਟੀਆ ਜਾਤ ਦੇ ਹੁੰਦੇ ਹਨ ਤੇ ਕੁੱਝ ਲੋਕ ਵਧੀਆ ਜਾਤ ਦੇ ਇਹ ਹਾਕਮ ਜਮਾਤ ਦਾ ਵਿਚਾਰ ਹੈ। ਇਹ ਕੋਈ ਵਿਗਿਆਨਕ ਵਿਚਾਰ ਨਹੀਂ ਗਾ। ਧਰਮਾਂ ਦਾ ਮਾਮਲਾ ਲੈ ਲਈਏ। ਇਹ ਸਭ ਮਨੁੱਖ ਦੇ ਅਗਿਆਨ ਦੀ ਉਪਜ ਨੇ। ਸਾਡੀਆਂ ਜਿੰਨੀਆਂ ਵੀ ਫ਼ਿਲਮਾਂ ਨੇ ਉਹਦਾ ਕੋਈ ਦਲਿਤ ਹੀਰੋ ਨਹੀਂ ਹੁੰਦਾ। ਉਹ ਕੋਈ ਸ਼ਰਮਾ-ਵਰਮਾ ਵਗੈਰਾ ਹੀ ਹੁੰਦਾ ਹੈ ਤੇ ਜਾਂ ਫਿਰ ਵੀ ਉਹ ਦੱਖਣ ਭਾਰਤੀ ਨਹੀਂ ਉੱਤਰ ਭਾਰਤੀ ਉੱਚ ਜਾਤੀ ਦੇ ਹੁੰਦੇ ਨੇ। ਹੁਣ ਇਹ ਕੀ ਹੈ ? ਕਿ ਬਿਨਾਂ ਨਾਮ ਲਿਆਂ ਜਾਤ-ਪਾਤ ਸਥਾਪਤ ਕਰ ਦਿੰਦੇ ਹਨ। ਸਾਡੇ ਸੰਸਕਾਰਾਂ ਵਿੱਚ ਭਰ ਦਿੰਦੇ ਨੇ ਉਹ ਚੀਜ਼ਾਂ।

ਪੂਰੀ ਗੱਲ ਨੂੰ ਆਪਾਂ ਸਮੇਟੀਏ। ਆਪਾਂ ਆਪਣੇ ਸਮਾਜ ਦੀ ਗੱਲ ਕੀਤੀ ਕਿ ਸਾਡੇ ਅੱਗੇ ਕੀ ਚੁਣੌਤੀਆਂ ਨੇ ? ਸੱਭਿਅਤਾ ਤੇ ਭੌਤਿਕ ਤਰੱਕੀ ਤਾਂ ਬਹੁਤ ਹੋ ਗਈ। ਪਰ ਗਿਆਨ ਤੇ ਸੱਭਿਆਚਾਰ ਸਾਡੇ ਸੰਸਕਾਰਾਂ 'ਚੋਂ ਗਾਇਬ ਹੈ। ਫਿਰ ਆਪਾਂ ਯੂਰਪੀ ਇਤਿਹਾਸ ਦੀ ਗੱਲ ਕੀਤੀ। ਫਿਰ ਆਪਣੇ ਸਮਾਜ ਦੀਆਂ ਜੋ ਚੁਣੌਤੀਆਂ ਨੇ, ਜਿਹਨਾਂ ਖ਼ਿਲਾਫ਼ ਆਪਾਂ ਕੰਮ ਕਰਨਾ ਹੈ। ਆਪਾਂ ਲੋਕਾਂ ਦਾ ਆਮ ਗਿਆਨ ਵਧਾਉਣਾ। ਇਸ ਲਈ ਲੋਕਾਂ ਦੇ ਸਟੱਡੀ ਸਰਕਲ ਹੋਣੇ ਚਾਹੀਦੇ ਨੇ, ਘਰ-ਘਰ ਲਾਇਬ੍ਰੇਰੀਆਂ ਹੋਣੀਆਂ ਚਾਹੀਦੀਆਂ ਹਨ। ਗੋਸ਼ਠੀਆਂ ਕੀਤੀਆਂ ਜਾਣ, ਸੈਮੀਨਾਰ ਕੀਤੇ ਜਾਣ, ਗੋਸ਼ਠੀਆਂ-ਸੈਮੀਨਾਰ ਕਰਵਾਏ ਜਾਣ ਤੇ ਕਲਾ ਦੇ ਮਾਧਿਅਮ ਨਾਟਕ, ਤੇ ਫਿਲਮਾਂ। ਫਿਲਮਾਂ ਇੱਕ ਬਹੁਤ ਵੱਡਾ ਮਾਧਿਅਮ ਹੋ ਸਕਦੀਆਂ

ਹਨ। ਸਿਨੇਮਾ ਇੱਕ ਅਜਿਹਾ ਕਲਾ ਰੂਪ ਹੈ ਜਿਸ ਵਿੱਚ ਸਾਰੇ ਕਲਾ ਰੂਪ ਮਿਲ਼ ਜਾਂਦੇ ਹਨ, ਇਕੱਠੇ ਹੋ ਜਾਂਦੇ ਹਨ। ਇਸ ਵਿੱਚ ਨਾਟਕ ਵੀ ਹੈ, ਗੀਤ-ਸੰਗੀਤ, ਸਮੁੰਦਰ-ਪਹਾੜ ਆਦਿ ਚਿੱਤਰ ਆਦਿ ਵੀ ਸਭ ਕੁੱਝ ਹੈ। ਇਸ ਲਈ ਕਲਾ ਦਾ ਜੋ ਇਹ ਮਾਧਿਅਮ ਹੈ ਸਭ ਤੋਂ ਕਾਰਗਰ ਹੈ। ਇਸਦਾ ਲੋਕਾਂ 'ਤੇ ਪ੍ਰਭਾਵ ਬਹੁਤ ਜ਼ਿਆਦਾ ਹੈ। ਲੋਕਾਂ ਦੀ ਮਾਨਸਿਕਤਾ ਨੂੰ ਇੱਕ ਖ਼ਾਸ ਢਾਂਚੇ ਵਿੱਚ ਢਾਲਣ ਦੀ ਯੋਗਤਾ ਹੈ। ਪਰ ਇਸ 'ਤੇ ਅੱਜ ਉਹ ਕਾਬਜ਼ ਹਨ, ਜੋ ਸਾਡੇ 'ਤੇ ਹਕੂਮਤ ਕਰ ਰਹੇ ਨੇ। ਉਹ ਆਪਣੇ ਲਾਹੇ ਲਈ ਫਿਲਮਾਂ ਬਣਾਂਦੇ ਨੇ। ਇਸ ਲਈ ਇਹ ਖ਼ੁਰਾਕ ਲਗਾਤਾਰ ਸਾਡੇ ਘਰਾਂ ਵਿੱਚ ਪੈ ਰਹੀ ਹੈ। ਤਿੰਨ-ਤਿੰਨ ਸੌ ਚੈਨਲ ਚੱਲਦਾ ਅੱਜ। ਲੋਕਾਂ ਨੂੰ ਫਿਲਮ ਕਿਵੇਂ ਦੇਖਣੀ ਹੈ ਇਹ ਵੀ ਸਿਖਾਉਣਾ ਪਵੇਗਾ। ਯਾਨੀ ਅਲੋਚਨਾਤਮਕ ਵਿਵੇਕ ਨਾਲ਼ ਫਿਲਮ ਦੇਖਣੀ ਸਿਖਾਉਣੀ ਪਵੇਗੀ। ਯਾਨੀ ਉਸ ਵਿੱਚ ਵਹਿਣਾ ਨਹੀਂ ਹੈ। ਵਹਿੰਦਾ ਦਰਸ਼ਕ ਹੁੰਦਾ ਹੈ। ਅਬਜ਼ਰਵਰ ਉਸਨੂੰ ਅਬਜ਼ਰਵ ਕਰਦਾ ਹੈ। ਅਲੋਚਨਾਤਮਕ ਤਰੀਕੇ ਨਾਲ਼ ਦੇਖੋ ਕਿ ਫਿਲਮ ਵਿੱਚ ਡਾਇਰੈਕਟਰ ਕੀ ਕਹਿਣਾ ਚਾਹੁੰਦਾ ਹੈ ? ਉਹ ਆਪਣੀ ਗੱਲ ਕਹਿਣ ਲਈ ਬਹੁਤ ਸਾਰੇ ਜਾਲ਼ ਬੁਣਦੈ ਬਹੁਤ ਸਾਰੇ ਰੂਪਕ ਘੜਦਾ ਹੈ। ਉਹਦੇ ਰਾਹੀਂ ਉਹ ਬਿਨਾਂ ਕੁੱਝ ਕਹੇ ਕੋਈ ਗੱਲ ਕਹਿੰਦਾ ਹੈ ਲੋਕਾਂ ਨੂੰ। ਇੱਕ ਫਿਲਮ ਵਿੱਚ ਇੱਕ ਪ੍ਰੇਮੀ-ਪ੍ਰੇਮਿਕਾ ਦਾ ਜੋੜਾ ਅਲੱਗ ਹੋ ਜਾਂਦੇ ਨੇ। ਪ੍ਰੇਮੀ ਕਿਤਿਓਂ ਫੋਨ ਲੱਭਕੇ ਪ੍ਰੇਮਿਕਾ ਨੂੰ ਫ਼ੋਨ ਕਰਦਾ ਤੇ ਜਦ ਉਹ ਗੱਲ ਕਰਦੇ ਨੇ ਤਾਂ ਉਧਰੋਂ ਇੱਕ ਮੁਜ਼ਾਹਰਾ ਲੰਘਦਾ ਹੈ। ਉਹਨਾਂ ਨੂੰ ਗੱਲ ਕਰਨੀ ਮੁਸ਼ਕਲ ਹੋ ਜਾਂਦੀ ਹੈ। ਉਧਰੋਂ ਮੀਟਰ ਚੜ੍ਹਦਾ ਜਾਂਦਾ ਹੈ ਤੇ ਨਾਇਕ ਕੋਲ਼ ਪੈਸੇ ਵੀ ਥੋੜੇ ਹੁੰਦੇ ਹਨ ਤੇ ਆਖ਼ਰ ਉਹ ਗੱਲ ਨਹੀਂ ਕਰ ਪਾਉਂਦਾ। ਹੁਣ ਦੇਖੋ ਡਾਇਰੈਕਟਰ ਨੇ ਕੁੱਝ ਨਹੀਂ ਕਿਹਾ ਕਿ ਪਰ ਇਸਦਾ ਮਤਲਬ ਇਹ ਹੈ ਕਿ ਜੋ ਰਾਜਨੀਤਕ ਸਰਗਰਮੀਆਂ ਨੇ ਉਹ ਪ੍ਰੇਮ ਵਿਰੋਧੀ ਨੇ। ਦਰਸ਼ਕ ਸੋਚਦਾ ਹੈ ਕਿ ਪ੍ਰੇਮੀ ਪ੍ਰੇਮਿਕਾ ਮਿਲ਼ ਜਾਣ ਪਰ ਨਾਲ਼ ਇਹ ਕਿ ਇਹ ਮੁਜ਼ਾਹਰੇ ਵਾਲ਼ੇ ਵਿੱਚ ਕਿਉਂ ਆ ਗਏ ? ਉਹ ਝੰਡੇ ਵਾਲ਼ਿਆਂ ਨੂੰ ਗਾਲ਼ ਕੱਢਦਾ ਹੈ। ਇੱਕ ਹੋਰ ਫਿਲਮ ਵਿੱਚ ਵੀ ਅਜਿਹਾ ਹੀ ਸੀਨ ਹੈ ਜਿਸ ਵਿੱਚ ਪ੍ਰੇਮੀ-ਪ੍ਰੇਮਕਾ ਮਿਲਣ ਲੱਗਦੇ ਹਨ ਤਾਂ ਸੜਕ ਦੇ ਵਿਚਾਲ਼ਿਓਂ ਇੱਕ ਮੁਜ਼ਾਹਰਾ ਨਿਕਲ਼ ਜਾਂਦਾ ਹੈ ਤੇ ਮੁਜ਼ਾਹਰਾ ਖ਼ਤਮ ਹੀ ਨਹੀਂ ਹੁੰਦਾ। ਦਰਸ਼ਕ ਫਿਰ ਸੋਚਦਾ ਕਿ ਮੁਜ਼ਾਹਰਾ ਕਿਉਂ ਨਹੀਂ ਖ਼ਤਮ ਹੁੰਦਾ ? ਕਿਉਂਕਿ ਬੁਰਜੂਆ ਕਲਾ ਦਰਸ਼ਕ ਨੂੰ ਆਪਣੇ ਨਾਲ਼ ਜੋੜ ਲੈਂਦੀ ਹੈ। ਆਪਣਾ ਅੰਗ ਬਣਾ ਲੈਂਦੀ ਹੈ। ਦਰਸ਼ਕ ਨਾਇਕ ਨਾਲ਼ ਆਪਣੇ ਆਪ ਨੂੰ ਇੱਕਮਿਕ ਕਰ ਲੈਂਦਾ ਹੈ ਤੇ ਫਿਰ ਬੁਰਜੂਆ ਫਿਲਮਕਾਰ ਬਹੁਤ ਕੁਸ਼ਲਤਾ ਤੇ ਬਰੀਕੀ ਨਾਲ਼ ਕੰਮ ਕਰਦੇ ਹਨ। ਹੁਣ ਬਾਲੀਵੁਡ ਤਾਂ ਚੋਰ ਹੈ। ਇਹ ਹਾਲੀਵੁਡ ਤੋਂ ਚੋਰੀ ਕਰਦਾ ਹੈ। ਜੋ ਮੌਲਿਕ ਨੇ ਤੇ ਉਹ ਤਾਂ ਹੋਰ ਵੀ ਬਰੀਕੀ ਵਿੱਚ ਚੋਟ ਕਰਦੇ ਹਨ।.... •



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 15 ਰੁਪਏ